ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 243 Thursday, December 19, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਅੱਜ ਜੀਐਮ ਦੇ ਓਸ਼ਵਾ ਸਥਿਤ ਪਲਾਂਟ ਉੱਤੇ ਆਖਰੀ ਵਾਰੀ ਕੀਤਾ ਜਾਵੇਗਾ ਵਾਹਨਾਂ ਦੀ ਪ੍ਰੋਡਕਸ਼ਨ ਦਾ ਕੰਮ

ਓਸਵਾ , 18 ਦਸੰਬਰ (ਪੋਸਟ ਬਿਊਰੋ) : ਜਨਰਲ ਮੋਟਰਜ ਵੱਲੋਂ ਆਪਣੇ ਓਸਵਾ ਸਥਿਤ ਅਸੈਂਬਲੀ ਪਲਾਂਟ ਉੱਤੇ ਅੱਜ ਪ੍ਰੋਡਕਸਨ ਦਾ ਕੰਮ ਆਖਰੀ ਵਾਰੀ ਕੀਤਾ ਜਾ ਰਿਹਾ ਹੈ। ਓਨਟਾਰੀਓ ਸਿਟੀ ਵਿੱਚ ਗੱਡੀਆਂ ਦੇ ਉਤਪਾਦਨ ਦਾ ਇੱਕ ਯੁੱਗ ਖਤਮ ਹੋਣ ਜਾ ਰਿਹਾ ਹੈ। ਇਸ ਪਲਾਂਟ ਉੱਤੇ ਕੰਮ ਕਰਨ ਵਾਲੇ ਅੰਦਾਜਨ 2600 ਕਰਮਚਾਰੀਆਂ ਉੱਤੇ ਇਸ ਦਾ ਸਿੱਧਾ ਅਸਰ ਪਵੇਗਾ ਤੇ ਉਹ ਬੁੱਧਵਾਰ ਨੂੰ ਆਖਰੀ ...ਬਾਕੀ ਪੰਨਾ 6 'ਤੇ


# ਡੋਨਾਲਡ ਟਰੰਪ ਦੇ ਖਿਲਾਫ ਮਹਾਦੋਸ਼ ਦਾ ਮਤਾ ਪਾਸ



ਵਾਸ਼ਿੰਗਟਨ, 18 ਦਸੰਬਰ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਿਲਾਫ ਮਹਾਂਦੋਸ਼ ਦਾ ਮਤਾ ਦੇਸ਼ ਦੀ ਪਾਰਲੀਮੈਂਟ ਦੇ ਹੇਠਲੇ ਹਾਊਸ, ਪ੍ਰਤੀਨਿਧੀ ਸਭਾ, ਨੇ ਪਾਸ ਕਰ ਦਿੱਤਾ ਹੈ।

ਅੱਜ ਰਾਤ ਅਮਰੀਕਾ ਦੇ ਹਾਊਸ ਆਫ ਰਿਪਰੈਜ਼ੇਟਿਵਜ਼ ਵਿੱਚ ਇਸ ਮਤੇ ਨੂੰ ਡੈਮੋਕਰੇਟਿਕ ਪਾਰਟੀ ਦੇ ਮੈਂਬਰਾਂ ਦੀ ਬਹੁ-ਸੰਮਤੀ ਹੋਣ ਕਾਰਨ 230 ਵੋਟਾ ਨਾਲ ਪਾਸ ਕੀਤਾ ਗਿਆ ਤਾਂ ਓਥੇ ਰਿਪਬਲੀਕਨ ਪਾਰਟੀ ਦੇ ਆਗੂ ਡੋਨਾਲਡ ਟਰੰਪ ਦੇ ਪੱਖ ਵਿੱਚ ਉਸ ਦੀ ਪਾਰਟੀ ਦੇ ਸਾਰੇ 197 ਮੈਂਬਰਾਂ ਨੇ ਵੋਟਾਂ ਪਾ ਕੇ ਆਪਣੀ ਹਮਾਇਤ ਵੀ ਪ੍ਰਗਟ ਕੀਤੀ ਹੈ। ਪਤਾ ਲੱਗਾ ਹੈ ਕਿ ਡੈਮੋਕਰੇਟਿਕ ਪਾਰਟੀ ਦੀ ਮੈਂਬਰ ਤੇ ਭਾਰਤੀ ਮੂਲ ਦੀ ਆਗੂ ਤੁਲਸੀ ਗੇਬਾਰਡ ਇਸ ਵੋਟਿੰਗ ਦੇ ਵਕਤ ਗੈਰ ਹਾਜ਼ਰ ਰਹੀ ਹੈ। ਇਸ ਮੌਕੇ ਬਹੁਤੇ ਮੈਂਬਰਾਂ ਨੇ ਇਲੈਕਟਰਾਨਿਕ ਮਸ਼ੀਨ ਰਾਹੀਂ ਵੋਟ ਪਾਈ, ਪਰ ਕਾਫੀ ਵੱਡੀ ਗਿਣਤੀ ਵਿੱਚ ਮੈਂਬਰਾਂ ਨੇ ਕਾਗਜ਼ੀ ਵੋਟ ਪੱਤਰ ਦੀ ਵਰਤੋਂ ਕੀਤੀ ਹੈ। ਵਰਨਣ ਯੋਗ ਹੈ ਕਿ ਅੱਜ ਦੀ ਇਸ ਸਾਰੀ ਵੋਟਿੰਗ ਦੀ ਕਾਰਵਾਈ ਤੋਂ ਪਹਿਲਾਂ ਰਾਸ਼ਟਰਪਤੀ ਟਰੰਪ ਨੇ ਬਿਆਨ ਜਾਰੀ ਕਰ ਕੇ ਕਿਹਾ ਸੀ ਕਿ ਇਹ ਪ੍ਰਕਿਰਿਆ ਗੈਰ ਕਾਨੂੰਨੀ ਹੈ। ਹਾਊਸ ਦੀ ਸਪੀਕਰ ਨੈਨਸੀ ਪੈਲੋਸੀ ਨੇ ਇਸ ਮੌਕੇ ਹੋਈ ਵੋਟਿੰਗ ਦੇ ਨਤੀਜੇ ਦਾ ਐਲਾਨ ਕੀਤਾ ਹੈ।

# ਗੁਰਦੁਆਰਾ ਪਹਿਲੀ ਪਾਤਸ਼ਾਹੀ, ਮਾਣਕ, ਲਾਹੌਰ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਦੀ ਇਤਿਹਾਸਿਕ ਤਸਵੀਰ ਗੁਰਦੁਆਰਾ ਪਹਿਲੀ ਪਾਤਸ਼ਾਹੀ, ਮਾਣਕ, ਲਾਹੌਰ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

## ਪਾਕਿਸਤਾਨ ਵਿਚ ਸੰਵਿਧਾਨਕ ਸੰਕਟ

# ਮੁਸ਼ੱਰਫ ਨੂੰ ਮੌਤ ਦੀ ਸਜ਼ਾ ਪਿੱਛੋਂ ਫੌਜ ਉਸ ਦੇ ਪੱਖ ਵਿਚ ਆਣ ਨਿੱਤਰੀ



ਇਸਲਾਮਾਬਾਦ, 18 ਦਸੰਬਰ, (ਪੋਸਟ ਬਿਊਰੋ)- ਸਾਬਕਾ ਫੌਜੀ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਲਈ ਮੌਤ ਦੀ ਸਜ਼ਾ ਦੇ ਐਲਾਨ ਮਗਰੋਂ ਫੌਜ ਤੇ ਅਦਾਲਤ ਆਹਮੋ ਸਾਹਮਣੇ ਹੋ ਗਏ ਹਨ। ਫ਼ੌਜ ਨੇ ਅਦਾਲਤੀ ਫੈਸਲੇ ਉੱਤੇ ਸਵਾਲ ਚੁੱਕੇ ਹਨ ਅਤੇ ਜੇ ਇਹ ਵਿਵਾਦ ਵਧਿਆ ਤਾਂ ਦੇਸ਼ ਵਿਚ ਸੰਵਿਧਾਨਿਕ ਸੰਕਟ ਪੈਦਾ ਹੋ ਸਕਦਾ ਹੈ।

ਤਾਜ਼ਾ ਵਿਵਾਦ ਪਾਕਿਸਤਾਨੀ ਫੌਜ ਦੇ ਇਕ ਪੱਤਰ ਨਾਲ ਪੈਦਾ ਹੋਇਆ ਹੈ, ਜਿਹੜਾ ਇਸ ਸਮੇਂ ਵਾਇਰਲ ਹੋ ਰਿਹਾ ਹੈ। ਅਸਲ ਵਿੱਚ ਸਾਬਕਾ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਨੂੰ ਮੌਤ ਦੀ ਸਜ਼ਾ ਦੇ ਫੈਸਲੇ ਖ਼ਿਲਾਫ਼ ਪਾਕਿਸਤਾਨ ਦੀ ਫੌਜ ਨਾਰਾਜ਼ਗੀ ਨਾਲ ਭਰੀ ਹੋਈ ਹੈ। ਸੋਸ਼ਲ ਮੀਡੀਆ ਉੱਤੇ ਇਸ ਦੀ ਬਹਿਸ ਤੇਜ਼ ਹੋ ਗਈ ਹੈ। ਫੌਜਾਂ ਨੇ ਇਸ ਅਦਾਲਤੀ ਫੈਸਲੇ ਖਿਲਾਫ ਮੁਹਿੰਮ ਚਲਾ ਰੱਖੀ ਹੈ, ਜਿਸ ਵਿੱਚ ਜਨਰਲ ਮੁਸ਼ੱਰਫ਼ ਦੀ ਬਹਾਦਰੀ ਦੀ ਤਾਰੀਫ਼ ਕਰਨ ਦੇ ਨਾਲ ਕਈ ਪੱਖ ਉਭਾਰੇ ਜਾ ਰਹੇ ਹਨ। ਪਾਕਿ-ਸਤਾਨ ਦੇ ...ਬਾਕੀ ਪੰਨਾ 6 'ਤੇ

# ਅੱਜ ਮੁੜ ਹੜਤਾਲ ਕਰਨਗੇ ਹਾਈ ਸਕੂਲ ਅਧਿਆਪਕ



ਟੋਰਾਂਟੋ, 18 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਵਿੱਚ ਪਬਲਿਕ ਹਾਈ ਸਕੂਲ ਦੇ ਅਧਿਆਪਕਾਂ ਵੱਲੋਂ ਅੱਜ ਇੱਕ ਵਾਰੀ ਫਿਰ ਹੜਤਾਲ ਕੀਤੀ ਜਾਵੇਗੀ। ਅਧਿਆਪਕਾਂ ਵੱਲੋਂ ਅਜਿਹਾ ਤੀਜੀ ਵਾਰੀ ਕੀਤਾ ਜਾਵੇਗਾ।

ਐਜੂਕੇਟਰਜ਼, ਜਿਨ੍ਹਾਂ ਦੀ ਨੁਮਾਇੰਦਗੀ ਓਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ ਕਰ ਰਹੀ ਹੈ, ਸਰਕਾਰ ਨਾਲ ਚੱਲ ...ਬਾਕੀ ਪੰਨਾ 6 'ਤੇ


COMING SOON !!!
SPECIAL CHRISTMAS & NEW YEAR EDITION
FOR ADVERTISING
CALL: 905-793-2202

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance, Critical illness Ins, Travel & Visitor Ins, RESP & TFSA & RRSP, Super Visa Insurance, Mortgage Insurance, Disability Insurance, Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration, Real Estate / Commercial Law, Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ
ANGLECON CONSTRUCTION
Fully Insured | Team of licensed trades | Quality work & on-time insured
RESIDENTIAL: ਕਸਟਮ ਮੇਡ ਘਰ, ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ, ਲੀਗਲ ਬੇਸਮੈਂਟ
COMMERCIAL: New store design & build, Lease hold Improvements, Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

HELPING YOUR PLAN TODAY......FOR TOMORROW
Supervisa / Visitor Insurance, Life /Mortgage/Funeral Insurance, Disability Insurance, Critical Illness Insurance, RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton, ON, L6X0T9

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets, Completly Furnished, Legal Basement, Painting & Flooring
Jaswant Sehmbi: 647.524.0885

Law Office of Aman Sharma
Real Estate - Commercial Lease, Business Purchase & Sale, Notarizations & Affidavits, Wills & Power Of Attorney
Tel: 905-913-2355 Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
AvonFinancial Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
Truck & Trailer parking yards, Plazas & Industrial buildings, Banquet halls & restaurants, Gas stations & repair shops, Offices & Clinics
We are Professional, Reliable & Experienced
AAA LANDSCAPING 647-784-1213

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance, Visitor Visa Insurance, Travel Insurance, Student Insurance, New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration, Family Law, Corporate, Real Estate, Business Closing, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E. #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control : Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
100% Customer Satisfaction
AFFORDABLE & RELIABLE
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਮੁੜ ਕੇ ਅੱਖਾਂ ਵਿਖਾਈਆਂ ਈ ਢੀਂਡਸੇ ਨੇ,
ਚੁਣ-ਚੁਣ ਗੱਲ ਹਰ ਖੋਲ੍ਹ ਸੁਣਾਈ ਬੇਲੀ।
ਕਹਿੰਦਾ ਮੋਹ ਨਾ ਰਿਹਾ ਕੋਈ ਗੱਦੀਆਂ ਦਾ,
ਦੌੜ ਜਿਨ੍ਹਾਂ ਲਈ ਜਾਵੇ ਕੋਈ ਲਾਈ ਬੇਲੀ।
ਚਿੰਤਾ ਇੱਕੋ ਕਿ ਡੁੱਬੀ ਪਈ ਪਾਰਟੀ ਆ,
ਜਾਵੇ ਰੁੜ੍ਹਨੋਂ ਇਹ ਕਿਵੇਂ ਬਚਾਈ ਬੇਲੀ।
ਰਿਹਾ ਕਹਿਣ ਨੂੰ ਨਾਂਅ ਜਿਹਾ ਪਾਰਟੀ ਦਾ,
ਇੱਕੋ ਟੱਬਰ ਪਿਆ ਜਾਂਦਾ ਘੁਮਾਈ ਬੇਲੀ।
ਜਿਹੜੀ ਅਸੀਂ ਸਿਆਸਤ ਨੂੰ ਆਏ ਸੀਗੇ,
ਉਹ ਤਾਂ ਸਾਰੀ ਸਿਆਸਤ ਸੀ ਹੋਰ ਬੇਲੀ।
ਪਾਰਟੀ ਵਫਾ ਦਾ ਰਿਹਾ ਨਹੀਂ ਮੁੱਲ ਦਿੱਸੇ,
ਚਮਚੇ, ਠੱਗ ਜਾਂ ਮੂਹਰੇ ਕਈ ਚੋਰ ਬੇਲੀ।

ਤੀਸ ਮਾਰ ਖਾਂ

# ਰਣਜੀਤ ਸਿੰਘ ਢੱਡਰੀਆਂ ਵਾਲੇ ਦਾ ਐਲਾਨ: ਮੈਂ ਕਿਸੇ ਕਮੇਟੀ ਅੱਗੇ ਪੇਸ਼ ਹੀ ਨਹੀਂ ਹੋਣਾ

* ਅਕਾਲ ਤਖਤ ਵੱਲੋਂ ਬਣਾਈ ਵਿਦਵਾਨਾਂ ਦੀ ਕਮੇਟੀ ਅੱਗੇ ਪੇਸ਼ੀ ਤੋਂ ਨਾਂਹ



ਜਲੰਧਰ, 18 ਦਸੰਬਰ, (ਪੋਸਟ ਬਿਊਰੋ)- ਸ੍ਰੀ ਅਕਾਲ ਤਖਤ ਸਾਹਿਬ ਵਲੋਂ ਬਣਾਈ ਗਈ 5 ਮੈਂਬਰੀ ਕਮੇਟੀ ਵਲੋਂ ਸਿੱਖ ਪ੍ਰਚਾਰਕ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੂੰ ਪੇਸ਼ ਹੋਣ ਦਾ ਸੱਦਾ ਦਿੱਤਾ ਗਿਆ ਸੀ, ਜਿਸ ਨੂੰ ਢੱਡਰੀਆਂ ਵਾਲਾ ਨੇ ਅੱਜ ਰੱਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਕਿਸੇ ਕਮੇਟੀ ਅੱਗੇ ਪੇਸ਼ ਨਹੀਂ ਹੋਣਗੇ।

ਅੱਜ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਸੋਸ਼ਲ ਮੀਡੀਆ ਉੱਤੇ ਲਾਈਵ ਹੋ ਕੇ ਇਹ ਜਾਣਕਾਰੀ ਦਿੱਤੀ। ਇਸ ਮੌਕੇ ਉਨ੍ਹਾਂ ਨੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਉੱਤੇ ਮੋੜਵਾਂ ਵਾਰ ਕਰਦੇ ਹੋਏ ਕਿਹਾ ਕਿ ਜਥੇਦਾਰ ਜੀ, ਜਿਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਮੱਥਾ ਲਾਇਆ ਹੈ, ਪਹਿਲਾਂ ਉਨ੍ਹਾਂ ਵਿਰੁੱਧ ਕਮੇਟੀ ਬਣਾਓ। ਇਸ ਦੇ ਨਾਲ ਹੀ ਉਨ੍ਹਾਂ ਨੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਕਈ ਸਵਾਲ ਵੀ ਕਰ ਦਿੱਤੇ ਹਨ। ਵਰਨਣ ਯੋਗ ਹੈ ਕਿ ਸਿੱਖ ਪ੍ਰਚਾਰਕ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਉੱਤੇ ਦੋਸ਼ ਲੱਗਦਾ ਸੀ ਕਿ ਉਹ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਦੇ ਹਨ। ਵਿਦੇਸ਼ਾਂ ਵਿਚਲੇ ਕੁਝ ਸਿੱਖਾਂ ਨੇ ਵੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਲਿਖ ਕੇ ਢੱਡਰੀਆਂ ਵਾਲੇ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਸੀ, ਜਿਸ ਪਿੱਛੋਂ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ 5 ਮੈਂਬਰੀ ਕਮੇਟੀ ਮੂਹਰੇ ਪੇਸ਼ ਹੋਣ ਲਈ ਰਣਜੀਤ ਸਿੰਘ ਢੱਡਰੀਆਂ ਵਾਲੇ ਨੂੰ ਕਿਹਾ ਸੀ।

# ਉਦਯੋਗਿਕ ਇਕਾਈਆਂ ਨੂੰ ਨਵੀਂ ਉਦਯੋਗਿਕ ਨੀਤੀ ਨਾਲ ਜੁੜਨ ਲਈ ਇੱਕ ਵਾਰ ਦੇ ਵਿਸ਼ੇਸ਼ ਮੌਕੇ ਨੂੰ ਮਨਜ਼ੂਰੀ: ਸੁੰਦਰ ਸ਼ਾਮ ਅਰੋੜਾ



ਚੰਡੀਗੜ੍ਹ, 18 ਦਸੰਬਰ:(ਪੋਸਟ ਬਿਊਰੋ)- ਪੰਜਾਬ ਉਦਯੋਗਿਕ ਅਤੇ ਕਾਰੋਬਾਰੀ ਵਿਕਾਸ ਬੋਰਡ ਵਲੋਂ ਉਦਯੋਗਿਕ ਪਸਾਰ ਲਈ ਵਿੱਤੀ ਪ੍ਰੋਤਸਾਹਨ (ਸੰਸ਼ੋਧਿਤ) - 2013 ਤੋਂ ਇੰਡਸਟਰੀਅਲ ਅਤੇ ਬਿਜ਼ਨਸ ਡਿਵੈਲਪਮੈਂਟ ਨੀਤੀ - 2017 ਵਿੱਚ ਪ੍ਰਵਾਸ ਕਰਨ ਲਈ ਬਿਨੈ ਪੱਤਰ ਦੇਣ ਵਾਲੀਆਂ ਇਛੁੱਕ ਤੇ ਯੋਗ ਉਦਯੋਗਿਕ ਇਕਾਈਆਂ ਇਕ ਵਾਰ ਦੇ ਵਿਸ਼ੇਸ਼ ਮੌਕੇ ਨੂੰ ਮਨਜ਼ੂਰੀ ਦਿੱਤੀ ਗਈ ਹੈ। ਹੁਣ ਕੋਈ ਯੋਗ ਇਕਾਈ ਵਿਸਤ੍ਰਿਤ ਯੋਜਨਾ ਅਤੇ ਆਪ੍ਰੇਸ਼ਨਲ ਦਿਸ਼ਾ ਨਿਰਦੇਸ਼ਾ 2018 ਤਹਿਤ ਬੋਰਡ ਵਲੋਂ ਪ੍ਰਵਾਨ ਕੀਤੀ ਮਿਤੀ ਵਾਲੇ ਦਿਨ ਤੋਂ 60 ਦਿਨਾਂ ਦੇ ਅੰਦਰ ਅੰਦਰ ਵਿਧੀ ਅਨੁਸਾਰ ਨਵੀਂ ਨੀਤੀ ਵਿੱਚ ਪ੍ਰਵਾਸ ਕਰ ਸਕਦੀ ਹੈ।

ਇਸ ਦਾ ਪ੍ਰਗਟਾਵਾ ਕਰਦਿਆਂ ਉਦਯੋਗ ਅਤੇ ਵਣਜ ਮੰਤਰੀ ਸ਼੍ਰੀ ਸੁੰਦਰ ਸ਼ਾਮ ਅਰੋੜਾ ਨੇ ਦੱਸਿਆ ਕਿ ਉਦਯੋਗਾਂ ਵਲੋਂ ਪ੍ਰਾਪਤ ਹੋਈਆਂ ਨੁਮਾਇੰਦਗੀਆਂ ਨੇ ਦਰਸਾਇਆ ਹੈ ਕਿ ਉਹ(ਇਕਾਈਆਂ) ਇਨਵੈਸਟ ਪੰਜਾਬ ਬਿਜ਼ਨਸ ਦੇ ਫਸਟ ਪੋਰਟਲ ਉੱਤੇ ਵਿਕਸਤ ਵਿੱਤੀ ਪ੍ਰੋਤਸਾਹਨ ਦੀ ਆਨਲਾਈਨ ਪ੍ਰਣਾਲੀ ਲਈ ਨਵੇਂ ਸਨ ਅਤੇ ਇਸੇ ਲਈ ਇਹ ਇਕਾਈਆਂ ਉਦਯੋਗਿਕ ਪ੍ਰੋਤਸਾਹਨ (ਸੰਸ਼ੋਧਿਤ) - 2013 ਤੋਂ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ, 2017 ਵਿੱਚ ਪਰਵਾਸ ਕਰਨ ਲਈ ਆਪਣੇ ਆਨ ਲਾਈਨ ਬਿਨੈ ਪੱਤਰ ਦਾਇਰ ਨਹੀਂ ਕਰ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲਾਂ ਹੀ 17-10-2017 ਨੂੰ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ, 2017 ਨੂੰ ਨੋਟੀਫਾਈ ਕੀਤਾ ਸੀ ਜਿਸ ਵਿੱਚ ਉਦਯੋਗਿਕ ਪ੍ਰੋਤਸਾਹਨ (ਸੰਸ਼ੋਧਿਤ) - 2013 ਤੋਂ ਉਦਯੋਗਿਕ ਅਤੇ ਵਪਾਰ ਵਿਕਾਸ ਨੀਤੀ, 2017 ਵਿੱਚ ਪਰਵਾਸ ਕਰਨ ਵਾਲੀਆਂ ਇਕਾਈਆਂ ਲਈ ਵਿਵਸਥਾ ਕੀਤੇ ਜਾਣ ਨੂੰ ਉਤਸ਼ਾਹਤ ਸੀ। ਉਨ੍ਹਾਂ ਨੂੰ ਪ੍ਰਵਾਸ ਦੇ ਆਪਣੇ ਵਿਕਲਪ ਦੀ ਵਰਤੋਂ ਕਰਨ ਲਈ 90 ਦਿਨਾਂ ਦਾ ਸਮਾਂ ਦਿੱਤਾ ਗਿਆ ਸੀ। ਕਿਉਂ ਜੋ ਇਨਵੈਸਟ ਪੰਜਾਬ ਬਿਜ਼ਨਸ ਫਸਟ ਪੋਰਟਲ 06.11.2018 ਨੂੰ ਲਾਂਚ ਕੀਤਾ ਗਿਆ ਸੀ, ਇਸ ਲਈ 06.11.2018. ਤੋਂ ਇਹ ਸਮਾਂ 90 ਦਿਨ ਤੱਕ ਵਧਾ ਦਿੱਤਾ ਗਿਆ ਸੀ ।

ਮੰਤਰੀ ਨੇ ਦੱਸਿਆ ਕਿ ਇਕ ਵਾਰ ਦਾ ਵਿਸ਼ੇਸ਼ ਮੌਕਾ ਪ੍ਰਦਾਨ ਕਰਨ ਦੇ ਸਬੰਧ ਵਿੱਚ ਪੰਜਾਬ ਉਦਯੋਗਿਕ ਅਤੇ ਵਪਾਰ ਵਿਕਾਸ ਬੋਰਡ ਦੀ ਤੀਜੀ ਬੈਠਕ ਵਿਚ ਵਿਚਾਰ-ਵਟਾਂਦਰਾ ਕੀਤਾ ਗਿਆ ਸੀ, ਜੋ ਕਿ 2 ਦਸੰਬਰ, 2019 ਨੂੰ ਮੁੱਖ ਮੰਤਰੀ, ਪੰਜਾਬ ਦੀ ਪ੍ਰਧਾਨਗੀ ਵਿੱਚ ਪੰਜਾਬ ਭਵਨ, ਚੰਡੀਗੜ੍ਹ ਵਿਖੇ ਕੀਤੀ ਗ ਈ ਸੀ। .

ਇਸ ਮੁਤਾਬਕ ਮਿਤੀ 13.12.2019 ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ ਅਤੇ ਮਾਈਗ੍ਰੇਸ਼ਨ ਦੇ ਚਾਹਵਾਨ ਯੋਗ ਨਿਵੇਸ਼ਕ ਪੰਜਾਬ ਉਦਯੋਗਿਕ ਅਤੇ ਵਪਾਰ ਵਿਕਾਸ ਬੋਰਡ ਦੁਆਰਾ ਮਨਜ਼ੂਰੀ ਮਿਲਣ ਤੋਂ 60 ਦਿਨਾਂ ਦੇ ਅੰਦਰ ਅੰਦਰ ਆਪਣਾ ਬਿਨੈ-ਪੱਤਰ ਦਾਇਰ ਕਰ ਸਕਦੇ ਹਨ ।

# ਨਿਰਭੈਆ ਕੇਸ ਵਿੱਚ ਦੋਸ਼ੀਆਂ ਦੀ ਫਾਂਸੀ ਰੋਕਣ ਤੋਂ ਸੁਪਰੀਮ ਕੋਰਟ ਦਾ ਇਨਕਾਰ




ਨਵੀਂ ਦਿੱਲੀ, 18 ਦਸੰਬਰ, (ਪੋਸਟ ਬਿਊਰੋ)- ਰਾਜਧਾਨੀ ਦਿੱਲੀ ਦੇ ਨਿਰਭੈਆ ਸਮੂਹਿਕ ਬਲਾਤਕਾਰ ਕੇਸ ਵਿੱਚ ਅਕਸ਼ੈ ਸਿੰਘ ਨਾਂਅ ਦੇ ਦੋਸ਼ੀ ਦੀ ਮੌਤ ਦੀ ਸਜ਼ਾ ਫਿਰ ਕਾਇਮ ਰਹੀ ਹੈ। ਅੱਜ ਅਕਸ਼ੈ ਸਿੰਘ ਦੇ ਵਕੀਲ ਏ ਪੀ ਸਿੰਘ ਦੀਆਂ ਸਭ ਦਲੀਲਾਂ ਸੁਣਨ ਮਗਰੋਂ ਸੁਪਰੀਮ ਕੋਰਟ ਨੇ ਉਸ ਦੀ ਮੁੜ ਵਿਚਾਰ ਅਰਜ਼ੀ ਰੱਦ ਕਰ ਦਿੱਤੀ। ਇਸ ਤੋਂ ਪਹਿਲਾਂ ਅਕਸ਼ੈ ਦੇ ਵਕੀਲ ਨੇ ਕਿਹਾ ਸੀ ਕਿ ਅਕਸ਼ੈ ਸਿੰਘ ਨੂੰ ਮੌਤ ਦੀ ਸਜ਼ਾ ਨਹੀਂ ਹੋਣੀ ਚਾਹੀਦੀ।

ਅਦਾਲਤ ਦੇ ਬੈਂਚ ਵੱਲੋਂ ਫੈਸਲਾ ਪੜ੍ਹਦਿਆਂ ਜਸਟਿਸ ਭਾਨੂਮਤੀ ਨੇ ਕਿਹਾ, 'ਪਟੀਸ਼ਨਰ ਨੇ ਕੇਸ ਉੱਤੇ ਸਵਾਲ ਖੜੇ ਕੀਤੇ ਹਨ। ਇਸ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਹੇਠਲੀ ਅਦਾਲਤ, ਹਾਈ ਕੋਰਟ ਅਤੇ ਸੁਪਰੀਮ ਕੋਰਟ ਜਾਂਚ ਦੀ ਘਾਟ ਦੇ ਮੁੱਦੇ ਦੀ ਸੁਣਵਾਈ ਕਰ ਚੁੱਕੇ ਹਨ। ਮੁੜ ਵਿਚਾਰ ਵਿੱਚ ਉਨ੍ਹਾਂ ਹੀ ਚੀਜ਼ਾਂ ਦੀ ਦੋਬਾਰਾ ਸੁਣਵਾਈ ਨਹੀਂ ਕੀਤੀ ਜਾ ਸਕਦੀ। ਦੋਸ਼ੀ ਪਹਿਲਾਂ ਵੀ ਇਹ ਗੱਲਾਂ ਕਹਿ ਚੁੱਕੇ ਹਨ, ਇਸ ਲਈ ਅਸੀਂ ਮੁੜ ਵਿਚਾਰ ਪਟੀਸ਼ਨ ਰੱਦ ਕਰਦੇ ਹਾਂ।'

ਇਸ ਤੋਂ ਪਹਿਲਾਂ ਸੁਪਰੀਮ ਕੋਰਟ ਇਸ ਕੇਸ ਵਿੱਚ ਤਿੰਨਾਂ ਦੋਸ਼ੀਆਂ ਦੀ ਮੁੜ ਵਿਚਾਰ ਅਰਜ਼ੀ ਰੱਦ ਕਰ ਚੁੱਕੀ ਹੈ। ਅਕਸ਼ੈ ਸਿੰਘ ਨੇ ਓਦੋਂ ਸੁਪਰੀਮ ਕੋਰਟ ਵਿੱਚ ਮੁੜ ਵਿਚਾਰ ਅਰਜ਼ੀ ਨਹੀਂ ਸੀ ਦਿੱਤੀ।

# ਬਗ਼ਦਾਦ ’ਚ ਪ੍ਰਦਰਸ਼ਨਕਾਰੀਆਂ ਨੇ ‘ਛੋਟਾ ਇਰਾਕ’ ਬਣਾ ਧਰਿਆ



ਬਗ਼ਦਾਦ, 18 ਦਸੰਬਰ (ਪੋਸਟ ਬਿਊਰੋ)- ਸ਼ਾਸਨ ਪ੍ਰਬੰਧ ਵਿੱਚ ਮੁਕੰਮਲ ਬਦਲੀ ਦੀ ਮੰਗ ਦੇ ਲਈ ਲਗਭਗ ਪੂਰਾ ਇਰਾਕ ਅਕਤੂਬਰ ਤੋਂ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੀ ਲਪੇਟ ਵਿੱਚ ਹੈ। ਦੇਸ਼ ਦੀ ਰਾਜਧਾਨੀ ਬਗ਼ਦਾਦ ਵੀ ਇਸ ਤੋਂ ਬਚੀ ਨਹੀਂ, ਪ੍ਰੰਤੂ ਇਥੋਂ ਦੇ ਤਹਿਰੀਰ ਚੌਕ ਵਿੱਚ ਇਕੱਠੇ ਹੋਏ ਪ੍ਰਦਰਸ਼ਨਕਾਰੀਆਂ ਨੇ ਆਪਣੇ ਪ੍ਰਦਰਸ਼ਨ ਸਥਾਨ ਨੂੰ ਕੁਝ ਇਸ ਤਰ੍ਹਾਂ ਵਸਾ ਦਿੱਤਾ ਹੈ ਜਿਸ ਵਿੱਚ ‘ਛੋਟਾ ਇਰਾਕ' ਦੀ ਝਲਕ ਦੇਖਣ ਨੂੰ ਮਿਲ ਰਹੀ ਹੈ।

ਪ੍ਰਦਰਸ਼ਨ ਕਰਨ ਦਾ ਸਥਾਨ ਬਣੇ ਤਹਿਰੀਰ ਚੌਕ ਵਿੱਚ ਰੋਸ ਕਰਤਿਆਂ ਦੇ ਰੂਪ ਵਿੱਚ ਸੁਰੱਖਿਆ ਗਾਰਡ ਤੋਂ ਲੈ ਕੇ ਸਫ਼ਾਈ ਮੁਲਜ਼ਮ ਤੱਕ ਤਾਇਨਾਤ ਕੀਤੇ ਗਏ ਤੇ ਇਨ੍ਹਾਂ ਲੋਕਾਂ ਲਈ ਹਸਪਤਾਲ ਵੀ ਬਣਾਏ ਗਏ ਹਨ। ਬੇਬੀਲੋਨ ਸੂਬੇ ਤੋਂ ਇਥੇ ਸਰਕਾਰ ਵਿਰੋਧੀ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਆਏ ਹੈਦਰ ਚਾਕਰ ਨੇ ਦੱਸਿਆ ਕਿ ਸਰਕਾਰ ਨੇ ਜਿੰਨਾ ਕੰਮ 16 ਸਾਲਾਂ ਵਿੱਚ ਕੀਤਾ, ਉਨ੍ਹਾਂ ਅਸੀਂ ਇਥੇ ਸਿਰਫ਼ ਦੋ ਮਹੀਨਿਆਂ ਵਿੱਚ ਕਰ ਦਿੱਤਾ ਹੈ। ਤਹਿਰੀਰ ਚੌਕ ਵਿੱਚ ਸਾਰੀਆਂ ਨਾਗਰਿਕ ਸਹੂਲਤਾਂ ਟੈਂਟਾ ਵਿੱਚ ਦਿੱਤੀਆਂ ਗਈਆਂ ਹਨ। ਇਥੇ ਭੋਜਨ ਤੋਂ ਲੈ ਕੇ ਪੇਂਟਿੰਗ ਬਣਾਉਣ ਤੱਕ ਹਰ ਕਿਸੇ ਦੀ ਭੂਮਿਕਾ ਤੈਅ ਕੀਤੀ ਗਈ ਹੈ। ਉਹ ਵਾਰੋ-ਵਾਰੀ ਆਪਣੇ ਕੰਮ ਕਰ ਰਹੇ ਹਨ ਜਦ ਕਿ ਇਸ ਸਥਾਨ ਦੀ ਸੁਰੱਖਿਆ ਲਈ ਦਾਖ਼ਲ ਹੋਣ ਵਾਲੇ ਰਸਤਿਆਂ 'ਤੇ ਰੁਕਾਵਟਾਂ ਲਾਈਆਂ ਗਈਆਂ ਹਨ। ਇਨ੍ਹਾਂ ਥਾਵਾਂ 'ਤੇ ਦਰਜਨਾਂ ਔਰਤਾਂ ਅਤੇ ਮਰਦ ਤਾਇਨਾਤ ਹਨ। ਉਹ ਇਥੇ ਆਉਂਦੇ ਸਾਰੇ ਲੋਕਾਂ ਦੀ ਤਲਾਸ਼ੀ ਪਿੱਛੋਂ ਉਨ੍ਹਾਂ ਨੂੰ ਅੰਦਰ ਦਾਖ਼ਲ ਹੋਣ ਦਿੰਦੇ ਹਨ। ਇਨ੍ਹਾਂ ਦਾ ਇਹ ‘ਛੋਟਾ ਇਰਾਕ' ਪਿਛਲੇ ਬੀਤੀ ਦਿਨੀਂ ਹਮਲਾਵਰਾਂ ਦਾ ਨਿਸ਼ਾਨਾ ਬਣ ਗਿਆ ਸੀ। ਕੁਝ ਬੰਦੂਕਧਾਰੀਆਂ ਨੇ ਦਾਖ਼ਲ ਹੋ ਕੇ ਤਹਿਰੀਰ ਚੌਕ ਵਿੱਚ ਅੰਨ੍ਹੇਵਾਹ ਗੋਲੀਆਂ ਚਲਾਈਆਂ ਸਨ। ਇਸ ਵਿੱਚ ਕਰੀਬ 25 ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ ਸੀ ਜਦ ਕਿ 130 ਜ਼ਖ਼ਮੀ ਹੋ ਗਏ ਸਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਮਾਤਾ ਚੰਦ ਕੌਰ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਨਾਮਧਾਰੀ ਸੰਗਤ ਜੰਤਰ-ਮੰਤਰ ਉੱਤੇ ਬੈਠੀ



ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਨਾਮਧਾਰੀ ਗੁਰੂ ਮਾਤਾ ਚੰਦ ਕੌਰ ਦੇ ਕਾਤਲਾਂ ਦੀ ਗ੍ਰਿਫਤਾਰੀ ਨਾ ਹੋਣ ਦੇ ਕਾਰਨ ਹਜ਼ਾਰਾਂ ਦੀ ਗਿਣਤੀ ਵਿੱਚ ਨਾਮਧਾਰੀ ਸੰਗਤ ਨੇ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕੀਤਾ। ਇਸ ਮੌਕੇ ਸੰਗਤ ਨੇ ਜਾਂਚ ਏਜੰਸੀਆਂ ਅਤੇ ਪੁਲਸ ਉੱਤੇ ਦੋਸ਼ ਲਾਇਆ ਕਿ ਰਾਜਨੀਤਕ ਦਬਾਅ ਕਾਰਨ ਮਾਤਾ ਚੰਦ ਕੌਰ ਦੇ ਕਾਤਲਾਂ ਨੂੰ ਜਾਣ ਬੁੱਝ ਕੇ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ। ਨਾਮਧਾਰੀ ਮਾਤਾ ਚੰਦ ਕੌਰ ਐਕਸ਼ਨ ਕਮੇਟੀ ਦੇ ਪ੍ਰਧਾਨ ਸੁਖਦੇਵ ਸਿੰਘ ਨੇ ਕਿਹਾ ਕਿ ਗੁਰਦੁਆਰਾ ਭੈਣੀ ਸਾਹਿਬ ਦੇ ਅੰਦਰ ਕਤਲ ਹੋਵੇ ਅਤੇ ਉਥੇ ਇੱਕ ਵੀ ਨੌਜਵਾਨ ਦੀ ਗ੍ਰਿਫਤਾਰੀ ਨਾ ਹੋਵੇ, ਇਸ ਦਾ ਕੀ ਅਰਥ ਹੈ? ਸੁਖਦੇਵ ਸਿੰਘ ਨੇ ਕਿਹਾ ਕਿ ਸੀ ਬੀ ਆਈ ਅਤੇ ਪੰਜਾਬ ਪੁਲਸ ਦਾ ਗੁਰ-ਦੁਆਰਾ ਭੈਣੀ ਸਾਹਿਬ ਦੇ ਇੱਕ ਵੀ ਵਿਅਕਤੀ ਨੂੰ ਪੌਣੇ ਚਾਰ ਸਾਲਾਂ ਵਿੱਚ ਗ੍ਰਿਫਤਾਰ ਕਰ ਕੇ ਪੁੱਛਗਿੱਛ ਨਾ ਕਰਨਾ ਜਾਂਚ ਏਜੰਸੀਆਂ ਦੇ ਗੁਰਦੁ-ਆਰਾ ਭੈਣੀ ਸਾਹਿਬ ਦੇ ਵਿਅਕਤੀਆਂ ਨੂੰ ਬਚਾਉਣ ਵਾਲੇ ਰੁਖ ਨੂੰ ਪ੍ਰਗਟ ਕਰਦਾ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਜਾਂਚ ਏਜੰਸੀ ਦੇ ਅਧਿਕਾਰੀ ਸਿਆਸੀ ਦਬਾਅ ਹੇਠ ਕੰਮ ਕਰ ਰਹੇ ਹਨ।

ਵਰਨਣ ਯੋਗ ਹੈ ਕਿ ਚਾਰ ਅਪ੍ਰੈਲ 2016 ਨੂੰ ਭੈਣੀ ਸਾਹਿਬ ਵਿੱਚ ਮਾਤਾ ਚੰਦ ਕੌਰ ਆਪਣੇ ਡਰਾਈਵਰ ਨਾਲ ਸਕੂਲ ਦਾ ਦੌਰਾ ਕਰ ਕੇ ਆ ਰਹੀ ਸੀ ਤਾਂ ਦੋ ਬਾਈਕ ਸਵਾਰ ਨੌਜਵਾਨਾਂ ਨੇ ਮੱਥਾ ਟੇਕਣ ਦੇ ਬਹਾਨੇ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਸੀ। ਮਾਤਾ ਚੰਦ ਕੌਰ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਆਂਦਾ ਗਿਆ, ਜਿੱਥੇ ਉਨ੍ਹਾਂ ਨੇ ਦਮ ਤੋੜ ਦਿੱਤਾ ਸੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Air Brake Classes Sat-Sun 8am to 4pm
Forklift Training
Counterbalance
Reach Truck
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਸੁਖਦੇਵ ਸਿੰਘ ਢੀਂਡਸਾ ਨੇ ਸ਼ਕਤੀ ਪ੍ਰਦਰਸ਼ਨ ਕਰ ਕੇ ਬਾਦਲ ਧੜੇ ਨੂੰ ਅੱਖਾਂ ਵਿਖਾਈਆਂ

## * ਸਿੱਧਾ ਐਲਾਨ: ਨਾ ਮੈਂ ਚੋਣਾਂ ਲੜਾਂਗਾ ਤੇ ਨਾ ਅਹੁਦਾ ਛੱਡਾਂਗਾ * ਪੁੱਤਰ ਢੀਂਡਸਾ ਇਸ ਵਾਰ ਵੀ ਇਕੱਠ ਤੋਂ ਲਾਂਭੇ ਰਿਹਾ



ਸੰਗਰੂਰ, 18 ਦਸੰਬਰ, (ਪੋਸਟ ਬਿਊਰੋ)- ਪਿਛਲੇ ਕਾਫੀ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਤੋਂ ਬਾਗੀ ਹੋ ਕੇ ਵੱਖਰੇ ਚੱਲਦੇ ਆਏ ਸੀਨੀਅਰ ਅਕਾਲੀ ਆਗੂ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਸੰਗਰੂਰ ਜ਼ਿਲੇ ਵਿਚਲੇ ਆਪਣੇ ਨਿਵਾਸ ਸਥਾਨ ਉੱਤੇ ਅੱਜ ਜ਼ੋਰਦਾਰ ਸ਼ਕਤੀ ਪ੍ਰਦਰਸ਼ਨ ਕੀਤਾ, ਜਿਸ ਦੌਰਾਨ ਵੱਡੀ ਗਿਣਤੀ ਵਿੱਚ ਅਕਾਲੀ ਆਗੂਆਂ ਤੇ ਵਰਕਰਾਂ ਦਾ ਇਕੱਠ ਦੇਖਣ ਨੂੰ ਮਿਲਿਆ। ਇਸ ਮੌਕੇ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਅਕਾਲੀ ਦਲ ਸਰਕਾਰਾਂ ਬਣਾਉਣ ਲਈ ਨਹੀਂ ਸੀ ਬਣਿਆ, ਇਹ ਅੰਗਰੇਜ਼ਾਂ ਦੇ ਜ਼ੁਲਮ ਦੇ ਖਿਲਾਫ ਲੜਨ ਅਤੇ ਧਰਮ ਦੀ ਰੱਖਿਆ ਕਰਨ ਲਈ ਬਣਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਸਾਡਾ ਝਗੜਾ ਪਾਰਟੀ ਨੂੰ ਉਸ ਦੀ ਅਸਲ ਸੋਚ ਵੱਲ ਮੋੜਨ ਲਈ ਹੈ। ਢੀਂਡਸਾ ਨੇ ਕਿਹਾ ਕਿ ਅਕਾਲੀ ਦਲ ਦੇ ਸਾਰੇ ਫੈਸਲੇ ਇਕੱਲੇ ਸੁਖਬੀਰ ਸਿੰਘ ਬਾਦਲ ਵਲੋਂ ਲਏ ਜਾਂਦੇ ਹਨ। ਇਸ ਇਕੱਠ ਮੂਹਰੇ ਸੁਖਦੇਵ ਸਿੰਘ ਢੀਂਡਸਾ ਨੇ ਐਲਾਨ ਕੀਤਾ ਕਿ ਅੱਜ ਤੋਂ ਬਾਅਦ ਮੈਂ ਨਾ ਕੋਈ ਚੋਣਾਂ ਲੜਾਂਗਾ ਅਤੇ ਨਾ ਅਹੁਦਾ ਛੱਡਾਂਗਾ। ਵਰਨਣ ਯੋਗ ਹੈ ਕਿ ਸੁਖਦੇਵ ਸਿੰਘ ਢੀਂਡਸਾ ਨੇ ਅੱਜ ਦੇ ਇਸ ਸ਼ਕਤੀ ਪ੍ਰਦਰਸ਼ਨ ਵਿੱਚ ਸਿਰਫ ਅਕਾਲੀ ਦਲ ਨੂੰ ਬਚਾਉਣ ਦੀ ਗੱਲ ਕਹੀ ਹੈ, ਨਵੀਂ ਪਾਰਟੀ ਬਣਾਉਣ ਦਾ ਐਲਾਨ ਨਹੀਂ ਕੀਤਾ। ਉਨ੍ਹਾਂ ਦੇ ਘਰ ਪਹੁੰਚੇ ਵਰਕਰ ਇੱਕ ਰੈਲੀ ਦਾ ਰੂਪ ਧਾਰ ਚੁੱਕੇ ਸਨ, ਪਰ ਇਸ ਦੀ ਖ਼ਾਸ ਗੱਲ ਇਹ ਸੀ ਕਿ ਇਸ ਮੌਕੇ ਛੋਟੇ ਢੀਂਡਸਾ (ਪਰਮਿੰਦਰ ਸਿੰਘ ਢੀਂਡਸਾ) ਫਿਰ ਨਜ਼ਰ ਨਹੀਂ ਆਏ। ਉਹ ਹਾਲੇ ਤੱਕ ਨਾ ਬਾਦਲ ਪਰਵਾਰ ਕੋਲ ਗਏ ਹਨ ਅਤੇ ਨਾ ਟਕਸਾਲੀ ਅਕਾਲੀ ਆਗੂਆਂ ਨਾਲ ਖੜ੍ਹੇ ਦਿਖਾਈ ਦਿੱਤੇ ਹਨ। ਉਂਜ ਪਰਮਿੰਦਰ ਸਿੰਘ ਢੀਂਡਸਾ ਜਨਤਕ ਤੌਰ ਉੱਤੇ ਕਹਿੰਦੇ ਰਹੇ ਹਨ ਕਿ ਉਹ ਬਾਦਲ ਅਕਾਲੀ ਦਲ ਦੇ ਨਾਲ ਹਨ, ਪਰ ਇਸ ਦੇ ਬਾਵਜੂਦ ਨਾ ਉਹ ਹਰਿਮੰਦਰ ਸਾਹਿਬ ਵਿਖੇ ਅਕਾਲੀ ਆਗੂਆਂ ਵੱਲੋਂ ਕੀਤੀ ਗਈ ਸੇਵਾ ਮੌਕੇ ਉਨ੍ਹਾਂ ਨਾਲ ਰਹੇ ਅਤੇ ਨਾ 14 ਦਸੰਬਰ ਨੂੰ ਅਕਾਲੀ ਦਲ ਦੇ ਸਥਾਪਨਾ ਦਿਵਸ ਮੌਕੇ ਗਏ ਸਨ।

ਅੱਜ ਬੁੱਧਵਾਰ ਸੁਖਦੇਵ ਸਿੰਘ ਢੀਂਡਸਾ ਨੇ ਆਪਣੇ ਘਰ ਕੀਤੇ ਸ਼ਕਤੀ ਪ੍ਰਦਰਸ਼ਨ ਪਿੱਛੋਂ ਪੱਤਰਕਾਰਾਂ ਨਾਲ ਮਿਲਣੀ ਦੌਰਾਨ ਭਵਿੱਖ ਬਾਰੇ ਕਿਹਾ ਕਿ ਉਹ ਰਣਜੀਤ ਸਿੰਘ ਬ੍ਰਹਮਪੁਰਾ ਤੇ ਰਵੀਇੰਦਰ ਸਿੰਘ ਨਾਲ ਮੀਟਿੰਗ ਕਰਨਗੇ ਤੇ ਇਸ ਦੇ ਬਾਅਦ ਇਕ ਕਮੇਟੀ ਬਣਾਈ ਜਾਵੇਗੀ, ਜਿਹੜੀ ਪਿੰਡ-ਪਿੰਡ ਜਾ ਕੇ ਲੋਕਾਂ ਨਾਲ ਸੰਪਰਕ ਕਰੇਗੀ। ਢੀਂਡਸਾ ਨੇ ਕਿਹਾ ਕਿ 'ਮੈਂ ਅੱਜ ਵੀ ਅਕਾਲੀ ਦਲ ਦੇ ਵਿਚ ਰਹਿ ਕੇ ਇਸ ਨੂੰ ਲੀਹ ਉੱਤੇ ਚਲਾਉਣ ਲਈ ਲੜ ਰਿਹਾ ਹਾਂ। ਸੁਖਬੀਰ ਸਿੰਘ ਬਾਦਲ ਮੈਨੂੰ ਜਦੋਂ ਚਾਹੇ, ਪਾਰਟੀ ਤੋਂ ਕੱਢ ਦੇਵੇ।' ਉਨ੍ਹਾਂ ਨੇ ਕਿਹਾ ਕਿ ਮੈਂ ਪਾਰਟੀ ਵਿੱਚ ਰਹਿ ਕੇ ਜਮਹੂਰੀਅਤ ਲਾਗੂ ਕਰਾਉਣ ਦੀ ਹਰ ਕੋਸ਼ਿਸ਼ ਕੀਤੀ, ਪਰ ਜਦੋਂ ਵਿਧਾਨ ਸਭਾ ਚੋਣਾਂ ਵਿਚ ਹੋਈ ਹਾਰ ਪਿੱਛੋਂ ਸੁਖਬੀਰ ਸਿੰਘ ਬਾਦਲ ਨੇ ਮੇਰੇ ਕਹਿਣ ਉੱਤੇ ਨੈਤਿਕ ਜ਼ਿੰਮੇਵਾਰੀ ਮੰਨ ਕੇ ਇਸ ਆਧਾਰ ਉੱਤੇ ਅਸਤੀਫ਼ਾ ਨਹੀਂ ਦਿੱਤਾ ਤਾਂ ਮੈਨੂੰ ਅਕਾਲੀ ਦਲ ਦੀ ਹੋਂਦ ਬਚਾਉਣ ਲਈ ਅੱਗੇ ਆਉਣਾ ਪਿਆ ਹੈ।' ਉਨ੍ਹਾ ਦੋਸ਼ ਲਾਇਆ ਕਿ ਸੁਖਬੀਰ ਸਿੰਘ ਬਾਦਲ ਐਤਕੀਂ ਵੀ ਜਮਹੂਰੀ ਢੰਗ ਨਾਲ ਪ੍ਰਧਾਨ ਨਹੀਂ ਬਣਿਆ, ਉਸ ਨੇ ਮਰਜ਼ੀ ਦੇ ਸੂਬਾ ਡੈਲੀਗੇਟਸ ਸੱਦ ਲਏ ਸਨ। ਜਦੋਂ ਪੁੱਛਿਆ ਗਿਆ ਕਿ ਪਰਮਿੰਦਰ ਸਿੰਘ ਢੀਂਡਸਾ ਉਨ੍ਹਾਂ (ਸੁਖਦੇਵ ਸਿੰਘ ਢੀਂਡਸਾ) ਨਾਲ ਆਉਣਗੇ ਤਾਂ ਉਨ੍ਹਾਂ ਕਿਹਾ, 'ਮੇਰਾ ਪੁੱਤਰ ਹੈ, ਮੇਰੇ ਨਾਲ ਹੀ ਜਾਵੇਗਾ।'

ਸੁਖਦੇਵ ਸਿੰਘ ਢੀਂਡਸਾ ਦੇ ਘਰ ਅੱਜ ਹੋਈ ਮੀਟਿੰਗ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਿੰਨ ਮੈਂਬਰ ਹਰਦੇਵ ਸਿੰਘ ਰੋਗਲਾ, ਜੈਪਾਲ ਸਿੰਘ ਮੰਡੀਆਂ ਅਤੇ ਮਲਕੀਤ ਸਿੰਘ ਚੰਗਾਲ, ਇਸਤਰੀ ਅਕਾਲੀ ਦਲ ਦੀਆਂ ਸ਼ਹਿਰੀ ਤੇ ਪੇਂਡੂ ਪ੍ਰਧਾਨ ਪਰਮਜੀਤ ਕੌਰ ਵਿਰਕ ਅਤੇ ਸੁਨੀਤਾ ਸ਼ਰਮਾ ਤੋਂ ਬਿਨਾਂ ਭਾਰੀ ਗਿਣਤੀ ਵਿਚ ਉਨ੍ਹਾਂ ਦੇ ਹਮਾਇਤੀ ਆਏ ਹੋਏ ਸਨ। ਇਸ ਇਕੱਠ ਨਾਲ ਜ਼ਿਲ੍ਹਾ ਸੰਗਰੂਰ ਵਿਚ ਅਕਾਲੀ ਦਲ ਪੂਰੀ ਤਰ੍ਹਾਂ ਦੋਫਾੜ ਹੋ ਗਿਆ ਹੈ। ਮੀਟਿੰਗ ਵਿਚ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਵਿਕਰਮ ਸੈਣੀ ਅਤੇ ਹੋਰ ਦਰਜਨਾਂ ਭਾਜਪਾ ਆਗੂ ਵੀ ਹਾਜ਼ਰ ਸਨ।

# ਨਾਗਰਿਕਤਾ ਸੋਧ ਬਿੱਲ ਵਿਰੁੱਧ ਅੰਦੋਲਨ ਮਹਾਰਾਸ਼ਟਰ ਤੱਕ ਫੈਲ ਗਿਆ

## * ਪੁਣੇ, ਠਾਣੇ ਤੇ ਸ਼ੋਲਾਪੁਰ ਵਿੱਚ ਹਿੰਸਾ ਭੜਕੀ, ਜ਼ੋਰਦਾਰ ਰੋਸ ਪ੍ਰਦਰਸ਼ਨ




ਪੁਣੇ, 18 ਦਸੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਨਵੇਂ ਬਣਾਏ ਨਾਗਰਿਕਤਾ ਸੋਧ ਬਿੱਲ ਦੇ ਖਿਲਾਫ ਹੋ ਰਿਹਾ ਰੋਸ ਪ੍ਰਗਟਾਵਾ ਅੱਜ ਮਹਾਰਾਸ਼ਟਰ ਦੇ ਕੁਝ ਸ਼ਹਿਰਾਂ ਤੱਕ ਵੀ ਪਹੁੰਚ ਗਿਆ ਹੈ।

ਅੱਜ ਬੁੱਧਵਾਰ ਨੂੰ ਮਹਾਰਾਸ਼ਟਰ ਦੇ ਪ੍ਰਮੁੱਖ ਸ਼ਹਿਰ ਪੁਣੇ ਵਿੱਚ ਅਸਾਮੀ ਮੂਲ ਦੇ ਲੋਕਾਂ ਨੇ ਇਸ ਕਾਨੂੰਨ ਦੇ ਵਿਰੁੱਧ ਪ੍ਰਦਰਸ਼ਨ ਕੀਤਾ ਤੇ ਦੂਸਰੇ ਸ਼ਹਿਰ ਠਾਣੇ ਤੇ ਸ਼ੋਲਾਪੁਰ ਵਿੱਚ ਸਥਾਨਕ ਲੋਕਾਂ ਨੇ ਵਿਰੋਧ ਮਾਰਚ ਕੱਢੇ। ਪੁਣੇ ਵਿੱਚ ਅਸਾਮ ਮੂਲ ਦੇ ਕਰੀਬ 200 ਵਿਦਿਆਰਥੀ ਤੇ ਕਾਰੋਬਾਰੀ ਲੋਕ ਸੰਭਾਜੀ ਗਾਰਡਨ ਦੇ ਬਾਹਰ ਇਕੱਠੇ ਹੋਏ ਤੇ ਸੋਧ ਬਿੱਲ ਵਿਰੁੱਧ ਪ੍ਰਦਰਸ਼ਨ ਕੀਤਾ। ਠਾਣੇ ਜ਼ਿਲ੍ਹੇ ਦੇ ਮੁੰਬਰਾ ਵਿੱਚ ਵਿਰੋਧ ਕਰਦੇ ਲੋਕਾਂ ਨੇ ਸ਼ਿਮਲਾ ਪਾਰਕ ਤੋਂ ਰੇਲਵੇ ਸਟੇਸ਼ਨ ਤਕ ਮਾਰਚ ਕੱਢ ਕੇ ਰੈਲੀ ਕੀਤੀ, ਜਿਸ ਦੌਰਾਨ ਦੁਕਾਨਾਂ ਬੰਦ ਹੀ ਰਹੀਆਂ। ਸ਼ੋਲਾਪੁਰ ਵਿੱਚ ਵੱਖ-ਵੱਖ ਮੁਸਲਿਮ ਸੰਗਠਨਾਂ ਨੇ ਜ਼ਿਲ੍ਹਾ ਅਦਾਲਤ ਤੋਂ ਕੁਲੈਕਟੋਰੇਟ ਤਕ ਵਿਰੋਧ ਮਾਰਚ ਕੱਢ ਕੇ ਕੁਲੈਕਟਰ ਨੂੰ ਮੰਗ ਪੱਤਰ ਸੌਂਪਿਆ, ਜਿਸ ਵਿਚ ਨਾਗਰਿਕਤਾ ਸੋਧ ਬਿੱਲ ਵਾਪਸ ਲਏ ਜਾਣ ਦੀ ਮੰਗ ਕੀਤੀ ਗਈ। ਇਸ ਦੌਰਾਨ ਅੱਜ ਤਾਮਿਲ ਨਾਡੂ ਵਿੱਚ ਮਦਰਾਸ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਇਕ ਵਰਗ ਨੇ ਇਸ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਜਾਰੀ ਰੱਖਿਆ। ਉਹ ਨਵਾਂ ਕਾਨੂੰਨ ਵਾਪਸ ਲੈਣ ਲਈ ਮੰਗ ਕਰਦੇ ਹਨ। ਓਧਰ ਅਸਾਮ ਵਿੱਚ ਅੱਜ ਹਾਲਾਤ ਸ਼ਾਂਤ ਹੋਣੇ ਸ਼ੁਰੂ ਹੋ ਗਏ ਹਨ। ਗੁਹਾਟੀ ਵਿੱਚ ਮੰਗਲਵਾਰ ਨੂੰ ਕਰਫਿਊ ਹਟਾ ਲਿਆ ਗਿਆ ਅਤੇ ਡਿਬਰੂਗੜ੍ਹ ਵਿੱਚ ਬੁੱਧਵਾਰ ਕਰਫਿਊ ਵਿੱਚ 14 ਘੰਟੇ ਢਿੱਲ ਦਿੱਤੀ ਗਈ। ਮੋਬਾਈਲ ਤੇ ਇੰਟਰਨੈੱਟ ਸੇਵਾਵਾਂ ਉੱਤੇ ਰੋਕ ਹਾਲੇ ਜਾਰੀ ਹੈ, ਪਰ ਹਵਾਈ ਤੇ ਰੇਲ ਸੇਵਾਵਾਂ ਬਹਾਲ ਹੋ ਗਈਆਂ ਹਨ।

## ਰਾਜਸਥਾਨ ਵਿੱਚੋਂ ਪਿਸਤੌਲ ਦੀ ਨੋਕ ਉੱਤੇ ਪੰਜਾਬ ਦੇ ਬਦਮਾਸ਼ਾਂ ਨੇ ਕਾਰ ਲੁੱਟੀ ਤੇ ਫੜੇ ਗਏ

ਅਬੋਹਰ, 18 ਦਸੰਬਰ (ਪੋਸਟ ਬਿਊਰੋ)- ਗੋਲੂਵਾਲਾ (ਰਾਜਸਥਾਨ) ਨੇੜੇ ਕੇ ਜੀ ਐਮ ਪੈਲੇਸ ਵਿੱਚ ਇੱਕ ਵਿਆਹ ਵਿੱਚੋਂ ਵਾਪਸ ਸ੍ਰੀਗੰਗਾਨਗਰ ਜਾ ਰਹੇ ਮੁਕੇਸ਼ ਜਾਟ ਦੀ ਇੰਡੀਗੋ ਕਾਰ, ਇੱਕ ਸੋਨੇ ਦੀ ਅੰਗੂਠੀ ਤੇ ਤਿੰਨ ਮੋਬਾਈਲ ਫੋਨ ਪੰਜਾਬ ਦੇ ਕੁਝ ਬਦਮਾਸ਼ ਪਿਸਟਲ ਦੀ ਨੋਕ ਉੱਤੇ ਲੁੱਟ ਕੇ ਫਰਾਰ ਹੋ ਗਏ।

ਕਾਰ ਵਿੱਚ ਮੁਕੇਸ਼ ਦੇ ਨਾਲ ਉਸ ਦੀ ਪਤਨੀ ਵਿਮਲਾ, ਭਰਜਾਈ ਉਰਮਿਲਾ, ਭਤੀਜੀਆਂ ਤੇ ਉਸ ਦਾ ਪੁੱਤਰ ਸੀ, ਜੋ ਆਪਣੇ ਸ਼ਹਿਰ ਸ੍ਰੀਗੰਗਾਨਗਰ ਜਾ ਰਹੇ ਸਨ। ਬੱਚਿਆਂ ਦੀਆਂ ਪ੍ਰੀਖਿਆਵਾਂ ਕਾਰਨ ਉਹ ਦੇਰ ਰਾਤ ਵਿਆਹ ਤੋਂ ਵਾਪਸ ਜਾ ਰਹੇ ਸਨ ਤਾਂ ਬਦਮਾਸ਼ਾਂ ਨੇ ਹੌਂਡਾ ਸਿਟੀ ਕਾਰ ਵਿੱਚ ਉਨ੍ਹਾਂ ਦਾ ਪਿੱਛਾ ਸ਼ੁਰੂ ਕਰ ਦਿੱਤਾ ਅਤੇ ਦੋਵਾਂ ਰਾਜਾਂ ਦੇ ਬਾਰਡਰ ਦੇ ਪਿੰਡ ਖਾਰਾਚੱਕ ਨੇੜੇ ਗੱਡੀ ਨੂੰ ਰੋਕ ਕੇ ਇੱਕ ਬਦਮਾਸ਼ ਨੇ ਮੁਕੇਸ਼ ਦੀ ਕੰਨਪਟੀ 'ਤੇ ਪਿਸਟਲ ਲਾ ਦਿੱਤੀ, ਉਥੇ ਬਾਕੀ ਬਦਮਾਸ਼ਾਂ ਨੇ ਲੋਹੇ ਦੀ ਰਾਡ ਵਿਖਾ ਕੇ ਉਸ ਦਾ, ਉਸ ਦੀ ਪਤਨੀ ਤੇ ਭਰਜਾਈ ਦਾ ਮੋਬਾਈਲ ਫੋਨ ਤੇ ਸੋਨੇ ਦੀ ਅੰਗੂਠੀ ਲੁੱਟ ਲਈ ਅਤੇ ਉਨ੍ਹਾਂ ਦੀ ਕਾਰ ਲੈ ਕੇ ਹਨੂਮਾਨਗੜ੍ਹ ਵੱਲ ਫਰਾਰ ਹੋ ਗਏ। ਸ਼ੋਰ ਸੁਣ ਨੇੜੇ ਦੇ ਇੱਕ ਧਾਰਮਿਕ ਸਥਾਨ ਦਾ ਸੰਚਾਲਕ ਬਾਹਰ ਆਇਆ ਅਤੇ ਉਸ ਦੇ ਮੋਬਾਈਲ ਫੋਨ ਤੋਂ ਮੁਕੇਸ਼ ਨੇ ਘਟਨਾ ਦੀ ਸੂਚਨਾ ਪੁਲਸ ਕੰਟਰੋਲ ਰੂਮ ਨੂੰ ਦਿੱਤੀ ਜਿਸ 'ਤੇ ਪੁਲਸ ਨੇ ਨਾਕਾ ਲਾ ਕੇ ਦੋਸ਼ੀਆਂ ਨੂੰ ਕਾਬੂ ਕਰ ਲਿਆ ਗਿਆ। ਇਨ੍ਹਾਂ ਦੋਸ਼ੀਆਂ ਦੀ ਪਛਾਣ ਧਰਮਿੰਦਰ ਉਰਫ ਧੰਮਾ ਪੁੱਤਰ ਸਰਵਣ ਕੁਮਾਰ ਸ਼ਰਮਾ ਵਾਸੀ ਟੱਲੇਵਾਲ, ਰਾਮਪੁਰਾ ਫੂਲ, ਲਵਪਾਲ ਉਰਫ ਲਵੀ ਪੁੱਤਰ ਪਵਨਜੀਤ ਸਿੰਘ ਥਾਣਾ ਨਹੀਆਂਵਾਲਾ ਪੰਜਾਬ, ਅਰਸ਼ਦੀਪ ਉਰਫ ਲਾਡੀ ਪੁੱਤਰ ਮਲਕੀਤ ਸਿੰਘ ਪਿੰਡ ਬਰਕੰਦੀ ਥਾਣਾ ਬਰਨਾਲਾ, ਦੀਪਕ ਪੁੱਤਰ ਰਾਕੇਸ਼ ਸ਼ਰਮਾ ਅਤੇ ਅਰਸ਼ਦੀਪ ਪੁੱਤਰ ਰਾਜੇਸ਼ ਸ਼ਰਮਾ ਬਰਨਾਲਾ ਵਜੋਂ ਹੋਈ ਹੈ। ਇਸ ਦੌਰਾਨ ਇੱਕ ਜਣੇ ਨੇ ਇੱਕ ਪੁਲਸ ਵਾਲੇ ਉੱਤੇ ਨਾਜਾਇਜ਼ ਪਿਸਟਲ ਨਾਲ ਫਾਇਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਕਾਮਯਾਬ ਨਹੀਂ ਹੋ ਸਕਿਆ।

## ਮਾਤਾ ਗੁਜਰੀ ਤੇ ਸਾਹਿਬਜਾਦਿਆਂ ਜੀ ਦੀ ਯਾਦ ਨੂੰ ਸਮਰਪਿਤ ਦਸਤਾਰ ਤੇ ਦੁਮਾਲਾ ਕੈਂਪ

ਚਾਰ ਸਾਹਿਬਜਾਦਿਆਂ ਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਦਸਤਾਰ ਤੇ ਦੁਮਾਲਾ ਕੈਂਪ 19 ਤੋਂ 31 ਦਸੰਬਰ ਤੱਕ ਸ਼ਾਮ 5:30 ਵਜੇ ਤੋਂ 6:30 ਵਜੇ ਤੱਕ Sikh Spititual Centre Totonto, 9 Carrier Dr, Etobicoke ON M9V 4B2 ਵਿਖੇ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿਚ ਟਰਬਨ ਤੇ ਗੁਰਬਾਣੀ ਕੰਠ ਵਿਚ ਗੋਲਡ ਮੈਡਲਿਸਟ ਤੇ ਇੰਟਰਨੈਸ਼ਨਲ ਟਰਬਨ ਕੋਚ ਬਲਦੇਵ ਸਿੰਘ ਸਰਹਾਲੀ ਸ਼ਿਰਕਤ ਕਰਨਗੇ। ਜੋ ਕਿ 85 ਤਰੀਕਿਆਂ ਨਾਲ ਪੱਗ ਤੇ ਦੁਮਾਲਾ ਬੰਨ੍ਹਣ 'ਚ ਮਾਹਰ ਹਨ। ਕਲਾਸ ਕੈਂਪ ਤੋਂ ਬਾਅਦ ਵੀ ਹਰੇਕ ਐਤਵਾਰ ਦੁਪਹਿਰ 2 ਤੋਂ 3 ਵਜੇ ਤੱਕ ਜਾਰੀ ਰਹੇਗੀ। ਵਧੇਰੇ ਜਾਣਕਾਰੀ ਲਈ 416-746-6666 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸ਼ਹੀਦੀ ਸਮਾਗਮ

ਰੂੰਮੀ (ਜਗਰਾਓਂ) ਪਿੰਡ ਵਾਸੀਆਂ ਵਲੋਂ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ 23 ਦਸੰਬਰ ਨੂੰ ਗੁਰੂ ਘਰ ਮਾਲਟਨ ਵਿਖੇ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾ ਰਹੇ ਹਨ। ਜਿਸ ਦੇ ਭੋਗ 25 ਦਸੰਬਰ ਸਵੇਰੇ 10:30 ਵਜੇ ਪਾਏ ਜਾਣਗੇ।ਜਿਸ ਉਪਰੰਤ ਕੀਰਤਨ ਕਥਾ ਤੇ ਢਾਡੀ ਦਰਬਾਰ ਹੋਵੇਗਾ। ਰੂੰਮੀ ਪਿੰਡ ਅਤੇ ਨੇੜਲੇ ਪਿੰਡਾਂ ਨਾਲ ਸਬੰਧਤ ਸਾਰੇ ਪਰਿਵਾਰਾਂ ਨੂੰ ਇਸ ਮੌਕੇ ਹਾਜਰੀ ਲਗਵਾਉਣ ਦੀ ਬੇਨਤੀ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਸ: ਇੰਦਰਜੀਤ ਸਿੰਘ ਨਾਲ 904622353 ਅਤੇ ਸੁਖਦੇਵ ਸਿੰਘ ਗਿੱਲ ਨਾਲ 416-602-549 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੇਵਾ ਕੇਂਦਰਾਂ ਵਿੱਚ 25 ਲੱਖ 71 ਹਜ਼ਾਰ ਅਰਜ਼ੀਆਂ ਦਾ ਨਿਪਟਾਰਾ, ਮਹਿਜ਼ 29439 ਬਕਾਇਆ: ਵਿਨੀ ਮਹਾਜਨ

## *ਨਾਗਰਿਕ ਕੇਂਦਰਿਤ ਸੇਵਾਵਾਂ ਦੀਆਂ ਅਰਜ਼ੀਆਂ ਦੇ ਫੌਰੀ ਅਤੇ ਪ੍ਰਭਾਵੀ ਨਿਪਟਾਰੇ ਸਦਕਾ ਬਕਾਇਆ ਦਰ ਮਹਿਜ਼ 1.3 ਫੀਸਦੀ 'ਤੇ ਆ ਕੇ ਸਿਮਟੀ

ਚੰਡੀਗੜ੍ਹ, 18 ਦਸੰਬਰ (ਪੋਸਟ ਬਿਊਰੋ)- ਸੇਵਾ ਕੇਂਦਰਾਂ ਰਾਹੀਂ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਵੱਡਾ ਸੁਧਾਰ ਨਜ਼ਰ ਆਉਣ ਲੱਗਾ ਹੈ। ਪ੍ਰਸ਼ਾਸਕੀ ਸੁਧਾਰਾਂ ਬਾਰੇ ਵਿਭਾਗ ਨੇ ਇਨ੍ਹਾਂ ਸੇਵਾਵਾਂ ਦੀ ਬਕਾਇਆ ਦਰ ਵਿੱਚ ਵੱਡੀ ਕਮੀ ਦਰਜ ਕੀਤੀ ਕੀਤੀ ਜੋ 16 ਦਸੰਬਰ ਤੱਕ 26,00795 ਅਰਜ਼ੀਆਂ ਤੋਂ ਘੱਟ ਕੇ ਮਹਿਜ਼ 29439 ਤੱਕ ਰਹਿ ਗਈਆਂ ਅਤੇ ਇਹ ਦਰ ਸਿਰਫ 1.13 ਫੀਸਦੀ ਬਣਦੀ ਹੈ।

ਇਸ ਸਬੰਧ ਵਿੱਚ ਵਿਸਥਾਰ 'ਚ ਜਾਣਕਾਰੀ ਦਿੰਦਿਆਂ ਪ੍ਰਸ਼ਾਸਕੀ ਸੁਧਾਰਾਂ ਦੇ ਵਧੀਕ ਮੁੱਖ ਸਕੱਤਰ ਵਿਨੀ ਮਹਾਜਨ ਨੇ ਦੱਸਿਆ ਕਿ ਠੋਸ ਯਤਨਾਂ ਅਤੇ ਨਿਰੰਤਰ ਨਿਗਰਾਨੀ ਸਦਕਾ ਵੱਖ-ਵੱਖ ਨਾਗਰਿਕ ਕੇਂਦਰਿਤ ਸੇਵਾਵਾਂ ਨਾਲ ਸਬੰਧਤ ਬਕਾਇਆ ਅਰਜ਼ੀਆਂ ਵਿੱਚ ਮਹੱਤਵਪੂਰਨ ਕਮੀ ਦਰਜ ਹੋਈ ਹੈ। ਅੰਕੜਿਆਂ ਮੁਤਾਬਕ ਮਾਨਸਾ ਵਿੱਚ ਸਭ ਤੋਂ ਬਕਾਇਆ ਅਰਜ਼ੀਆਂ ਹਨ ਜੋ 82033 ਤੋਂ ਘਟ ਕੇ 42, ਸੰਗਰੂਰ ਵਿੱਚ 1,54,537 ਤੋਂ 47 ਅਤੇ ਰੂਪਨਗਰ ਵਿੱਚ 70,735 ਤੋਂ ਘਟ ਕੇ 49 ਅਰਜ਼ੀਆਂ ਬਕਾਇਆ ਰਹਿ ਗਈਆਂ ਹਨ।

ਇਸੇ ਤਰ੍ਹਾਂ ਸਭ ਤੋਂ ਵੱਧ ਬਕਾਇਆ ਮਾਮਲਿਆਂ ਵਾਲੇ ਜ਼ਿਲ੍ਹਿਆਂ ਲੁਧਿਆਣਾ (288265), ਅੰਮ੍ਰਿਤਸਰ (239925), ਹੁਸ਼ਿਆਰਪੁਰ (211014), ਜਲੰਧਰ (199391), ਪਟਿਆਲਾ (178291), ਗੁਰਦਾਸਪੁਰ (151476) ਅਤੇ ਬਠਿੰਡਾ (127190) ਦੇ ਮਾਮਲੇ ਘਟ ਕੇ ਹੁਣ ਕ੍ਰਮਵਾਰ 5684, 5611, 2167, 2655, 1607, 1172 ਅਤੇ 998 ਰਹਿ ਗਏ ਹਨ। ਇਸੇ ਤਰ੍ਹਾਂ ਤਰਨ ਤਾਰਨ ਜ਼ਿਲ੍ਹੇ ਵਿੱਚ ਬਕਾਇਆ ਅਰਜ਼ੀਆਂ ਦੀ ਗਿਣਤੀ 100027 ਤੋਂ ਘਟ ਕੇ 1661 ਰਹਿ ਗਈ ਹੈ ਜਦਕਿ ਐਸ.ਏ.ਐਸ. ਨਗਰ ਮੋਹਾਲੀ ਦੀ 92399 ਦੇ ਮੁਕਾਬਲੇ 667, ਸ੍ਰੀ ਮੁਕਤਸਰ ਸਾਹਿਬ ਵਿੱਚ 65762 ਦੇ ਮੁਕਾਬਲੇ 1248, ਮੋਗਾ ਵਿੱਚ 85554 ਦੇ ਮੁਕਾਬਲੇ 1422, ਫਿਰੋਜ਼ਪੁਰ ਵਿੱਚ 83839 ਦੇ ਮੁਕਾਬਲੇ 1111, ਫਾਜ਼ਿਲਕਾ ਵਿੱਚ 78671 ਦੇ ਮੁਕਾਬਲੇ 778, ਫਤਹਿਗੜ੍ਹ ਸਾਹਿਬ ਵਿੱਚ 63572 ਦੇ ਮੁਕਾਬਲੇ 546, ਕਪੂਰਥਲਾ ਵਿੱਚ 79776 ਦੇ ਮੁਕਾਬਲੇ 626, ਐਸ.ਬੀ.ਐਸ. ਨਗਰ ਵਿੱਚ 74563 ਦੇ ਮੁਕਾਬਲੇ 569, ਬਰਨਾਲਾ ਵਿੱਚ 51250 ਦੇ ਮੁਕਾਬਲੇ 321, ਫਰੀਦਕੋਟ ਵਿੱਚ 56083 ਦੇ ਮੁਕਾਬਲੇ 333 ਅਤੇ ਪਠਾਨਕੋਟ ਵਿੱਚ 66442 ਦੇ ਮੁਕਾਬਲੇ 125 ਅਰਜ਼ੀਆਂ ਲੰਬਿਤ ਰਹਿ ਗਈਆਂ ਹਨ। ਵਧੀਕ ਮੁੱਖ ਸਕੱਤਰ ਨੇ ਅੱਗੇ ਦੱਸਿਆ ਕਿ ਵਿਭਾਗ ਨੇ ਕੁੱਲ 8669 ਸ਼ਿਕਾਇਤਾਂ ਵਿੱਚੋਂ 4944 ਦਾ ਨਿਪਟਾਰਾ ਕਾਰਗਰ ਢੰਗ ਨਾਲ ਕੀਤਾ ਹੈ ਜਿਸ ਨਾਲ ਨਿਪਟਾਰਾ ਦਰ 57.03 <:57.03> ਫੀਸਦੀ ਦਰਜ ਕੀਤੀ ਗਈ ਹੈ। ਨਾਗਰਿਕ ਸੇਵਾਵਾਂ ਨਾਲ ਸਬੰਧਤ ਸ਼ਿਕਾਇਤਾਂ ਦੇ ਬਾਕੀ ਮਾਮਲਿਆਂ 'ਤੇ ਤੇਜ਼ੀ ਨਾਲ ਅਮਲ ਕੀਤਾ ਜਾਵੇਗਾ।

17 ਦਸੰਬਰ, 2019 ਤੱਕ ਵਿਭਾਗਾਂ ਦੀਆਂ ਬਕਾਇਆ ਸ਼ਿਕਾਇਤਾਂ ਬਾਰੇ ਵਿਸਥਾਰ ਵਿੱਚ ਦੱਸਦਿਆਂ ਵਧੀਕ ਮੁੱਖ ਸਕੱਤਰ ਨੇ ਕਿਹਾ ਕਿ 127561 ਅਰਜ਼ੀਆਂ ਵਿੱਚੋਂ ਲਗਪਗ 94637 ਅਰਜ਼ੀਆਂ ਦਾ ਨਿਪਟਾਰਾ ਕਰ ਦਿੱਤਾ ਗਿਆ ਜਦਕਿ ਬਾਕੀ 32924 ਅਰਜ਼ੀਆਂ ਬਕਾਇਆ ਹਨ ਜਿਨ੍ਹਾਂ ਦੀ ਬਕਾਇਆ ਦਰ 25.81 ਫੀਸਦੀ ਬਣਦੀ ਹੈ।










# ਮਨਪ੍ਰੀਤ ਬਾਦਲ ਵੱਲੋਂ ਕੇਂਦਰ ਸਰਕਾਰ ਨੂੰ ਕਣਕ-ਝੋਨੇ 'ਤੇ ਐਮਐਸਪੀ ਜਾਰੀ ਰੱਖਣ ਦੀ ਅਪੀਲ

## *ਫਸਲੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਐਮਐਸਪੀ 'ਤੇ 100 ਰੁਪਏ ਪ੍ਰਤੀ ਕੁਇੰਟਲ ਮੁਆਵਜ਼ਾ ਦੇਣ ਦੀ ਵਿਵਸਥਾ ਕਰਨ ਲਈ ਕਿਹਾ

ਚੰਡੀਗੜ੍ਹ, 18 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਕਿਸਾਨਾਂ ਦੇ ਹਿੱਤ ਵਿੱਚ ਆਵਾਜ਼ ਉਠਾਉਂਦਿਆਂ ਅੱਜ ਸੂਬੇ ਦੇ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰ ਸਰਕਾਰ ਨੂੰ ਪੰਜਾਬ ਦੇ ਕਿਸਾਨਾਂ ਤੋਂ ਘੱਟੋ ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) 'ਤੇ ਕਣਕ ਅਤੇ ਝੋਨੇ ਦੀ ਖਰੀਦ ਜਾਰੀ ਰੱਖਣ ਤੋਂ ਇਲਾਵਾ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਅਤੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ ਲਈ ਮੱਕੀ ਅਤੇ ਹੋਰ ਬਦਲਵੀਆਂ ਫਸਲਾਂ ਦੀ ਖਰੀਦ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ।

ਨਵੀਂ ਦਿੱਲੀ ਵਿਖੇ ਬੁੱਧਵਾਰ ਨੂੰ ਕੇਂਦਰੀ ਵਿੱਤ ਮੰਤਰੀ ਸ੍ਰੀਮਤੀ ਨਿਰਮਲਾ ਸੀਤਾਰਮਨ ਨਾਲ ਸਮੂਹ ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਦੇ ਵਿੱਤ ਮੰਤਰੀਆਂ ਨਾਲ ਪ੍ਰੀ-ਬਜਟ ਬੈਠਕ ਦੌਰਾਨ ਸ੍ਰੀ ਬਾਦਲ ਨੇ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਦਾ ਮੁੱਦਾ ਵੀ ਉਠਾਇਆ ਅਤੇ ਉਨ੍ਹਾਂ ਨੇ ਸੁਝਾਅ ਦਿੱਤਾ ਕਿ ਭਾਰਤ ਸਰਕਾਰ ਨੂੰ ਫਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧ ਲਈ ਪ੍ਰੋਵੀਜ਼ਨਲ ਕਾਸਟ ਸ਼ੀਟ ਵਿੱਚ ਐਮਐਸਪੀ 'ਤੇ 100 ਰੁਪਏ ਪ੍ਰਤੀ ਕੁਇੰਟਲ ਦੀ ਵਿਵਸਥਾ ਕਰਨੀ ਚਾਹੀਦੀ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਸੜਕਾਂ/ ਬਿਜਲੀ / ਸਿੰਜਾਈ ਆਦਿ ਲਈ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਸੂਬਿਆਂ ਨੂੰ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਹਾਲਾਂਕਿ, ਪੰਜਾਬ ਵਰਗੇ ਰਾਜਾਂ ਨੇ ਪਹਿਲਾਂ ਹੀ ਆਪਣੇ ਸਰੋਤਾਂ ਤੋਂ ਜਾਂ ਕਰਜ਼ੇ ਲੈ ਕੇ ਕੇਂਦਰ ਸਰਕਾਰ ਦੀ ਮਦਦ ਬਗ਼ੈਰ ਹੀ ਢਾਂਚਾ ਵਿਕਸਤ ਕਰ ਲਿਆ ਹੈ, ਜਿਸ ਦਾ ਉਨ੍ਹਾਂ ਨੂੰ ਕੇਂਦਰ ਦੀਆਂ ਮੌਜੂਦਾ ਸਕੀਮਾਂ ਕਾਰਨ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ। ਵਿੱਤ ਮੰਤਰੀ ਨੇ ਕਿਹਾ, 'ਪੰਜਾਬ ਨੂੰ ਆਪਣੇ ਆਪ ਬੁਨਿਆਦੀ ਢਾਂਚਾ ਵਿਕਸਤ ਕਰਨ ਦੀ ਕੀਮਤ ਚੁਕਾਉਣੀ ਪੈ ਰਹੀ ਹੈ ਕਿਉਂਕਿ ਬੁਨਿਆਦੀ ਢਾਂਚਾ ਪਹਿਲਾਂ ਹੀ ਮੌਜੂਦ ਹੈ ਅਤੇ ਉਸ ਨੂੰ ਗਰਾਂਟ ਵੀ ਨਹੀਂ ਮਿਲ ਰਹੀ ਅਤੇ ਉਪਰੋਂ ਢਾਂਚਾ ਵਿਕਸਤ ਕਰਨ ਲਈ ਚੁੱਕੇ ਕਰਜ਼ੇ ਦੀ ਅਦਾਇਗੀ ਵੀ ਕਰਨੀ ਪੈ ਰਹੀ ਹੈ।'' ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਮੌਜੂਦਾ ਬੁਨਿਆਦੀ ਢਾਂਚੇ ਨੂੰ ਮੁੜ ਵਿਕਸਤ ਕਰਨ ਲਈ ਪੰਜਾਬ ਨੂੰ ਵਿਸ਼ੇਸ਼ ਸਹਾਇਤਾ ਦੇਵੇ।



ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ 'ਤੇ ਚਿੰਤਾ ਜ਼ਾਹਿਰ ਕਰਦਿਆਂ ਅਤੇ ਵੇਸਟ ਵਾਟਰ ਦੇ ਪ੍ਰਬੰਧਨ ਦੀ ਤੁਰੰਤ ਲੋੜ ਦੇ ਮੱਦੇਨਜ਼ਰ ਸ੍ਰੀ ਬਾਦਲ ਨੇ ਕੇਂਦਰੀ ਵਿੱਤ ਮੰਤਰੀ ਨੂੰ ਵਾਟਰ ਟਰੀਟਮੈਂਟ ਪਲਾਂਟ ਲਗਾਉਣ ਅਤੇ ਪਿੰਡਾਂ ਦੇ ਛੱਪੜਾਂ ਦੇ ਨਵੀਨੀਕਰਨ ਲਈ ਆਗਾਮੀ ਕੇਂਦਰੀ ਬਜਟ ਵਿੱਚ ਇਕ ਵਿਸ਼ੇਸ਼ ਯੋਜਨਾ ਬਣਾਉਣ ਵਾਸਤੇ ਬੇਨਤੀ ਕੀਤੀ ।

ਸ: ਬਾਦਲ ਨੇ ਕਿਹਾ ਕਿ ਪੰਜਾਬ ਦਾ ਕੌਮੀ ਅਨਾਜ ਭੰਡਾਰ ਵਿੱਚ ਬਹੁਤ ਵੱਡਾ ਯੋਗਦਾਨ ਹੈ। ਪੰਜਾਬ ਵੱਲੋਂ ਹਰ ਸਾਲ ਤਕਰੀਬਨ 120-125 ਲੱਖ ਮੀਟਰਕ ਟਨ ਕਣਕ ਅਤੇ 105-110 ਲੱਖ ਮੀਟਰਕ ਟਨ ਚੌਲ ਦਾ ਯੋਗਦਾਨ ਪਾਉਂਦਾ ਹੈ। ਹਾਲਾਂਕਿ, ਪਿਛਲੇ ਦੋ ਤਿੰਨ ਸਾਲਾਂ ਦੌਰਾਨ ਸੂਬੇ 'ਚੋਂ ਅਨਾਜ ਦੀ ਚੁਕਾਈ ਦੀ ਰਫਤਾਰ ਮੱਠੀ ਪਈ ਹੈ ਜਿਸ ਕਾਰਨ ਨਵੀਂ ਫਸਲ ਦੇ ਭੰਡਾਰਨ ਲਈ ਜਗਾ ਦੀ ਘਾਟ ਆ ਰਹੀ ਹੈ। ਉਨ੍ਹਾਂ ਨੇ ਰਾਜ ਦੇ ਗੋਦਾਮਾਂ 'ਚੋਂ ਅਨਾਜ ਦੀ ਜਲਦੀ ਚੁਕਾਈ ਯਕੀਨੀ ਬਣਾਉਣ ਲਈ ਕੇਂਦਰ ਸਰਕਾਰ ਦੇ ਦਖਲ ਦੀ ਮੰਗ ਕੀਤੀ। ਆਰਥਿਕ ਵਿਕਾਸ ਦੀ ਮੁੜ ਸੁਰਜੀਤੀ ਅਤੇ ਜਨਤਕ ਨਿਵੇਸ਼ ਨੂੰ ਉਤਸ਼ਾਹਤ ਕਰਨ ਲਈ ਵਿਆਪਕ-ਆਰਥਿਕ ਨੀਤੀਗਤ ਫੈਸਲਿਆਂ ਬਾਰੇ ਸ. ਬਾਦਲ ਨੇ ਕੇਂਦਰ ਨੂੰ ਅਪੀਲ ਕੀਤੀ ਕਿ ਉਹ ਰਾਜਾਂ ਨੂੰ ਬੁਨਿਆਦੀ ਢਾਂਚੇ ਅਤੇ ਹੋਰ ਉਤਪਾਦਕ ਪ੍ਰੋਜੈਕਟਾਂ ਜਿਵੇਂ ਪੁਲਾਂ, ਡੈਮਾਂ ਅਤੇ ਰੋਜ਼ਗਾਰ ਵਾਸਤੇ ਵਾਧੂ ਮਾਲੀਆ ਜੁਟਾਉਣ ਲਈ ਐਫ.ਆਰ.ਬੀ.ਐਮ. ਦੀ ਸੀਮਾ ਵਿੱਚ ਢਿੱਲ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਮੌਜੂਦਾ ਮਹਿੰਗਾਈ ਦਰ ਨਾਲ ਇਹ ਵਾਧੂ ਵਿੱਤੀ ਪਾਸਾਰ ਯਕੀਨੀ ਤੌਰ 'ਤੇ ਵਿਕਾਸ ਨੂੰ ਹੁਲ-ਾਰਾ ਦੇਣ ਤੋਂ ਇਲਾਵਾ ਮੰਗ ਤੇ ਖਪਤ ਵਧਣ ਨਾਲ ਰੋਜ਼ਗਾਰ ਦੇ ਹੋਰ ਮੌਕੇ ਪੈਦਾ ਹੋਣਗੇ। ਇਸ ਦੌਰਾਨ ਪੰਜਾਬ ਦੇ ਪ੍ਰਸਤਾਵਾਂ ਦਾ ਤਕਰੀਬਨ ਸਾਰੇ ਰਾਜਾਂ ਨੇ ਸਮਰਥਨ ਕੀਤਾ।

ਮੀਟਿੰਗ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਨੇ ਕਿਹਾ ਕਿ ਜੀ.ਐਸ.ਟੀ ਦੇ ਮੁਆਵਜ਼ੇ ਦੀ ਅਦਾਇਗੀ ਵਿੱਚ ਕੇਂਦਰ ਵੱਲੋਂ ਨਾ-ਖਤਮ ਹੋਣ ਵਾਲੀ ਦੇਰੀ ਨਾਲ ਪੰਜਾਬ ਦੀ ਮਾਲੀ ਹਾਲਤ ਨੂੰ ਸਖ਼ਤ ਝਟਕਾ ਲੱਗਾ ਹੈ। ਉਨ੍ਹਾਂ ਕਿਹਾ ਕਿ ਜੀਐਸਟੀ ਲਾਗੂ ਕਰਨ ਦੇ ਪਹਿਲੇ ਦੋ ਸਾਲਾਂ ਵਿੱਚ, ਕੇਂਦਰ ਸਰਕਾਰ ਵੱਲੋਂ ਰਾਜਾਂ ਨੂੰ ਜੀਐਸਟੀ ਮੁਆਵਜ਼ੇ ਦੀ ਦੋ-ਮਹੀਨਿਆਂ ਬਾਅਦ ਜਾਰੀ ਕੀਤੀ ਜਾਣ ਵਾਲੀ ਕਿਸ਼ਤ ਵਿੱਚ ਵਰਤੇ ਜਾ ਰਹੇ ਅਵੇਸਲੇਪਣ ਕਾਰਨ ਸੂਬੇ ਨੂੰ ਆਪਣੇ ਕਾਰਜ ਅਤੇ ਯੋਜਨਾਵਾਂ ਨੂੰ ਕੁਸ਼ਲ ਢੰਗ ਨਾਲ ਲਾਗੂ ਕਰਨ ਵਿੱਚ ਦਿੱਕਤ ਆ ਰਹੀ ਹੈ। ਉਨ੍ਹਾਂ ਨੇ ਜੀਐਸਟੀ ਮੁਆਵਜ਼ਾ ਨੂੰ ਮਹੀਨੇਵਾਰ ਜਾਰੀ ਕਰਨ ਦੀ ਮੰਗ ਕੀਤੀ ਤਾਂ ਜੋ ਸੂਬਾ ਆਪਣੇ ਖਰਚਿਆਂ ਨੂੰ ਹੋਰ ਬਿਹਤਰ ਢੰਗ ਨਾਲ ਯੋਜਨਾਬੱਧ ਕਰ ਸਕੇ। ਉਨ੍ਹਾਂ ਕਿਹਾ ਕਿ ਜੀਐਸਟੀ ਮੁਆਵਜ਼ੇ ਦੀ ਦੋ ਮਹੀਨਿਆਂ ਬਾਅਦ ਜਾਰੀ ਕੀਤੀ ਜਾਣ ਵਾਲੀ ਕਿਸ਼ਤ 4 ਮਹੀਨਿਆਂ ਬਾਅਦ ਵੀ ਜਾਰੀ ਨਾ ਕੀਤੇ ਜਾਣ ਕਾਰਨ ਸੂਬੇ ਦਾ ਵਿੱਤੀ ਪ੍ਰਬੰਧ ਅਸਰਅੰਦਾਜ਼ ਹੋਇਆ ਹੈ।

# 'ਸਕੂਲ ਤੋਂ ਸਿੱਧਾ ਕਿੱਤੇ ਵੱਲ' ਪ੍ਰੋਗਰਾਮ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕੀਤਾ ਜਾਵੇ:ਡੀ. ਪੀ. ਐਸ ਖਰਬੰਦਾ

## *ਡਿਪਟੀ ਕਮਿਸ਼ਨਰ ਨੇ ਸਿੱਖਿਆ ਵਿਭਾਗ ਦੇ ਕੰਮਕਾਜ ਦਾ ਲਿਆ ਜਾਇਜ਼ਾ



ਕਪੂਰਥਲਾ, 18 ਦਸੰਬਰ (ਗਿਆਨ ਸਿੰਘ) ਜ਼ਿਲ੍ਹਾ ਸਿੱਖਿਆ ਵਿਕਾਸ ਕਮੇਟੀ ਅਤੇ ਮਿਡ-ਡੇ-ਮੀਲ ਸਟੇਅਰਿੰਗ-ਕਮ-ਮੋਨੀਟਰਿੰਗ ਕਮੇਟੀ ਦੀ ਮੀਟਿੰਗ ਡਿਪਟੀ ਕਮਿਸ਼ਨਰ ਇੰਜ: ਡੀ. ਪੀ. ਐਸ ਖਰਬੰਦਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਹੋਈ। ਸਭ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦੌਰਾਨ ਵਧੀਆ ਸੇਵਾਵਾਂ ਨਿਭਾਉਣ ਲਈ ਸਿੱਖਿਆ ਵਿਭਾਗ ਦੀ ਸ਼ਲਾਘਾ ਕੀਤੀ। ਇਸ ਦੌਰਾਨ ਸਿੱਖਿਆ ਵਿਭਾਗ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਦਿਆਂ ਉਨ੍ਹਾਂ ਸਿੱਖਿਆ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਬਾਰ੍ਹਵੀਂ ਦੇ ਵਿਦਿਆਰਥੀਆਂ ਲਈ ਜ਼ਿਲ੍ਹੇ ਵਿਚ ਸ਼ੁਰੂ ਕੀਤੇ ਗਏ ਨਿਵੇਕਲੇ ਪ੍ਰੋਗਰਾਮ 'ਸਕੂਲ ਤੋਂ ਸਿੱਧਾ ਕਿੱਤੇ ਵੱਲ' ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨਾ ਯਕੀਨੀ ਬਣਾਉਣ, ਤਾਂ ਜੋ ਬਾਰ੍ਹਵੀਂ ਤੋਂ ਬਾਅਦ ਆਪਣਾ ਕਿੱਤਾ ਕਰਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਸਹੀ ਮਾਰਗ ਦਰਸ਼ਨ ਦੇ ਕੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਸਕੇ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਜ਼ਿਲ੍ਹੇ ਦੇ ਸਾਰੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਵਿਸ਼ੇਸ਼ ਸੈਮੀਨਾਰ ਲਗਾ ਕੇ ਬਾਰ੍ਹਵੀਂ ਦੇ ਵਿਦਿਆਰਥੀਆਂ ਦੀ ਕੈਰੀਅਰ ਕਾਊਂਸਲਿੰਗ ਕੀਤੀ ਜਾ ਰਹੀ ਹੈ, ਜਿਸ ਵਿਚ ਗਾਈਡੈਂਸ ਕਾਊਂਸਲਰਾਂ ਤੋਂ ਇਲਾਵਾ ਜ਼ਿਲ੍ਹਾ ਰੋਜ਼ਗਾਰ ਜਨਰੇਸ਼ਨ, ਹੁਨਰ ਵਿਕਾਸ ਕੇਂਦਰਾਂ, ਬੈਂਕਾਂ ਅਤੇ ਹੋਰ ਸਬੰਧਤ ਅਧਿਕਾਰੀਆਂ ਵੱਲੋਂ ਵਿਦਿਆਰਥੀਆਂ ਨੂੰ ਟ੍ਰੇਨਿੰਗ ਕੋਰਸਾਂ, ਸਵੈ-ਰੋਜ਼ਗਾਰ ਅਤੇ ਕਰਜ਼ ਸਕੀਮਾਂ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਪਹਿਲੇ ਪੜਾਅ ਵਿਚ ਜ਼ਿਲ੍ਹੇ ਦੇ 62 ਸਕੂਲ ਕਵਰ ਕੀਤੇ ਗਏ ਹਨ।

ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਸਕੂਲਾਂ ਦੀ ਦਿੱਖ ਵਧੀਆ ਬਣਾਉਣ ਦੇ ਨਾਲ-ਨਾਲ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਵੀ ਉਪਰਾਲੇ ਕੀਤੇ ਜਾਣ ਅਤੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੀ ਪਹਿਚਾਣ ਕਰਕੇ ਉਨ੍ਹਾਂ ਦੇ ਹੁਨਰ ਨੂੰ ਹੋਰ ਨਿਖਾਰਿਆ ਜਾਵੇ। ਉਨ੍ਹਾਂ ਹਦਾਇਤ ਕੀਤੀ ਕਿ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਸੰਤੁਲਿਤ ਅਤੇ ਪੌਸ਼ਟਿਕ ਖਾਣਾ ਮੁਹੱਈਆ ਕਰਵ-ਾਇਆ ਜਾਵੇ ਅਤੇ ਖਾਣੇ ਦੀ ਗੁਣਵੱਤਾ ਦੀ ਲਗਾਤਾਰ ਚੈਕਿੰਗ ਕੀਤੀ ਜਾਵੇ। ਇਸ ਦੌਰਾਨ ਉਨ੍ਹਾਂ ਸਕੂਲਾਂ ਅੰਦਰ ਚੱਲ ਰਹੇ ਵਿਕਾਸ ਕਾਰਜਾਂ ਦੀ ਸਮੀਖਿਆ ਵੀ ਕੀਤੀ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਸ. ਮੱਸਾ ਸਿੰਘ ਸਿੱਧੂ, ਜ਼ਿਲ੍ਹਾ ਸਿੱਖਿਆ ਅਫ਼ਸਰ (ਅ) ਸ. ਗੁਰਭਜਨ ਸਿੰਘ ਲਾਸਾਨੀ, ਸਕੱਤਰ ਜ਼ਿਲ੍ਹਾ ਪ੍ਰੀਸ਼ਦ ਸ੍ਰੀ ਗੁਰਦਰਸ਼ਨ ਲਾਲ ਕੁੰਡਲ, ਜ਼ਿਲ੍ਹਾ ਰੋਜ਼ਗਾਰ ਜਨਰੇਸ਼ਨ ਅਫ਼ਸਰ ਸ੍ਰੀਮਤੀ ਨੀਲਮ ਮਹੇ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਸ. ਬਿਕਰਮ ਜੀਤ ਸਿੰਘ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਖਪਤਕਾਰਾਂ ਦੀਆਂ ਸ਼ਿਕਾਇਤਾਂ ਪਹਿਲ ਦੇ ਆਧਾਰ 'ਤੇ ਨਿਪਟਾਉਣ ਲਈ ਪੀ.ਐਸ.ਈ.ਆਰ.ਸੀ ਵਲੋਂ 'ਖਪਤਕਾਰ ਵਕਾਲਤ ਸੈੱਲ' ਦੀ ਸਥਾਪਨਾ

ਚੰਡੀਗੜ੍ਹ, 18 ਦਸੰਬਰ:(ਪੋਸਟ ਬਿਊਰੋ)- ਸੂਬੇ ਦੇ ਖਪਤਕਾਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਅਤੇ ਇਸ ਨੂੰ ਹੋਰ ਸੁਚਾਰੂ ਬਣਾਏ ਜਾਣ ਨੂੰ ਯਕੀਨੀ ਬਣਾਉਣ ਹਿੱਤ ਪੰਜਾਬ ਰਾਜ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ (ਪੀ.ਐਸ.ਈ.ਆਰ.ਸੀ) ਵਲੋਂ 'ਖਪਤਕਾਰ ਵਕਾਲਤ ਸੈੱਲ' ਦੀ ਸਥਾਪਨਾ ਕੀਤੀ ਗਈ ਹੈ ਤਾਂ ਜੋ ਖਪਤਕਾਰਾਂ ਦੀਆਂ ਬਿਜਲੀ ਸਬੰਧੀ ਸ਼ਿਕਾਇਤਾਂ ਨਿਪਟਾਉਣ ਦੀ ਨਵੀਂ ਪ੍ਰਕਿਰਿਆ ਨੂੰ ਜਨਤਕ ਕੀਤਾ ਜਾ ਸਕੇ। ਇਸ ਤੋਂ ਇਲਾਵਾ ਸੂਬੇ ਭਰ 'ਚ ਇਸ ਸੈੱਲ ਦੇ ਸਬੰਧ ਵਿੱਚ ਜਾਗਰੂਕਤਾ ਫੈਲਾਉਣ ਲਈ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਵੀ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਕਾਰੀ ਬੁਲਾਰੇ ਨੇ ਦੱਸਿਆ ਕਿ 'ਖਪਤਕਾਰ ਵਕਾਲਤ ਸੈੱਲ' ਨੂੰ ਖਪਤਕਾਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਮੌਜੂਦ ਤਰੀਕਿਆਂ, ਖਪਤਕਾਰਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਤੇ ਜ਼ਿੰਮੇਵਾਰੀਆਂ ਦੀ ਜਾਣਕਾਰੀ ਮੁਹੱਈਆ ਕਰਵਾਉਣ ਤੋਂ ਇਲਾਵਾ ਖਪਤਕਾਰਾਂ ਦੇ ਲਾਭ ਹਿੱਤ ਨਿਊਜ਼ ਲੈਟਰ ਜਾਰੀ ਕਰਨਾ ਲਾਜ਼ਮੀ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ 'ਖਪਤਕਾਰ ਵਕਾਲਤ ਸੈੱਲ' ਵਲੋਂ ਘਰੇਲੂ ਖਪਤਕਾਰਾਂ ਨਾਲ ਸਬੰਧਤ ਰੈਜ਼ੀਡੈਂਟਸ ਵੈੱਲਫੇਅਰ ਐਸੋਸੀਏਸ਼ਨਾਂ, ਮੱਧਮ ਅਤੇ ਛੋਟੇ ਦਰਜੇ ਦੇ ਉਦਯੋਗਾਂ ਦੀਆਂ ਐਸੋਸੀਏਸ਼ਨਾਂ, ਗੈਰ-ਸਰਕਾਰੀ ਸੰਗਠਨਾਂ (ਐਨ.ਜੀ.ਓਜ਼) ਨੂੰ 'ਸ਼ਿਕਾਇਤਾਂ ਦੇ ਨਿਪਟਾਰੇ ਦੀ ਵਿਧੀ' ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਸਮੇਂ-ਸਮੇਂ ਤੇ ਮੀਟਿੰਗਾਂ ਕੀਤੀਆਂ ਜਾਣਗੀਆਂ। ਹਾਲਾਂਕਿ, ਕਿਸੇ ਵੀ ਸ਼ਿਕਾਇਤ ਸਬੰਧੀ ਬਿਜਲੀ ਉਪਭੋਗਤਾ ਐਮ ਐਂਡ ਐਫ ਦੇ ਡਿਪਟੀ ਡਾਇਰੈਕਟਰ ਪਰਮਿੰਦਰ ਸਿੰਘ ਵਾਲੀਆ ਨਾਲ ਸੰਪਰਕ ਕਰ ਸਕਦੇ ਹਨ, ਜਿਨ੍ਹਾਂ ਨੂੰ ਨੋਡਲ ਅਫਸਰ ਨਿਯੁਕਤ ਕੀਤਾ ਗਿਆ।

# ਸ਼ੂਗਰ ਦੇ ਰੋਗੀ ਦਿਨ ਵਿੱਚ ਤਿੰਨ ਵਾਰ ਖਾਣਾ ਖਾਓ

ਲੰਡਨ, 18 ਦਸੰਬਰ (ਪੋਸਟ ਬਿਊਰੋ)- ਸ਼ੂਗਰ ਤੋਂ ਪੀੜਤ ਲੋਕਾਂ ਨੂੰ ਡਾਕਟਰ ਅਕਸਰ ਦਿਨ ਵਿੱਚ ਛੇ ਵਾਰ ਥੋੜ੍ਹਾ ਥੋੜ੍ਹਾ ਭੋਜਨ ਖਾਣ ਨੂੰ ਕਹਿੰਦੇ ਹਨ। ਇੱਕ ਤਾਜ਼ਾ ਖੋਜ ਅਨੁਸਾਰ ਏਦਾਂ ਖਾਣ ਨਾਲ ਮਰੀਜ਼ਾਂ ਨੂੰ ਹੋਰ ਵੱਧ ਇਲਾਜ ਦੀ ਜ਼ਰੂਰਤ ਪੈ ਸਕਦੀ ਹੈ। ਇਸ ਲਈ ਦਿਨ ਵਿੱਚ ਡਾਕਟਰ ਤਿੰਨ ਵਾਰ ਖਾਣਾ ਲੈਣ ਦੀ ਸਲਾਹ ਦੇ ਰਹੇ ਹਨ।

ਦੁਨੀਆ ਵਿੱਚ 40 ਕਰੋੜ ਲੋਕ ਸ਼ੂਗਰ ਤੋਂ ਪੀੜਤ ਹਨ। ਇਸ ਵਿੱਚ ਸਭ ਤੋਂ ਵੱਧ ਟਾਈਪ-2 ਸ਼ੂਗਰ ਪੀੜਤ ਹਨ। ਜ਼ਿਆਦਾਤਰ ਡਾਕਟਰ ਸ਼ੂਗਰ ਦੇ ਮਰੀਜ਼ਾਂ ਨੂੰ ਖ਼ੂਨ ਵਿੱਚ ਸ਼ੱਕਰ ਦੀ ਮਾਤਰਾ ਕੰਟਰੋਲ ਕਰਨ ਦੀ ਦਵਾ ਦਿੰਦੇ ਅਤੇ ਮਰੀਜ਼ਾਂ ਨੂੰ ਆਪਣੇ ਖਾਣ-ਪਾਣ ਦੀਆਂ ਆਦਤਾਂ ਅਤੇ ਜੀਵਨ ਸੁਧਾਰਨ ਦੀ ਸਲਾਹ ਦੇਂਦੇ ਹਨ। ਕਈ ਡਾਕਟਰਾਂ ਦੀ ਰਾਏ ਹੈ ਕਿ ਟਾਈਪ-2 ਸ਼ੂਗਰ ਦੇ ਮਰੀਜ਼ਾਂ ਨੂੰ ਥੋੜੀ-ਥੋੜੀ ਦੇਰ ਬਾਅਦ ਥੋੜ੍ਹਾ-ਥੋੜ੍ਹਾ ਖਾਣਾ ਲੈਣਾ ਚਾਹੀਦਾ ਹੈ। ਉਨ੍ਹਾਂ ਨੂੰ ਦਿਨ ਵਿੱਚ ਛੇ ਵਾਰ ਛੋਟੀ ਖ਼ੁਰਾਕ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ।

ਇਸਰਾਈਲ ਦੀ ਤੇਲ ਅਵੀਵ ਯੂਨੀਵਰਸਿਟੀ ਦੀ ਇੱਕ ਖੋਜ ਮੁਤਾਬਕ ਛੇ ਵਾਰ ਖਾਣ ਦਾ ਢੰਗ ਗਲਤ ਹੈ ਅਤੇ ਇਸ ਨਾਲ ਕਈ ਪਰੇਸ਼ਾਨੀਆਂ ਹੋ ਸਕਦੀਆਂ ਹਨ। ਇਹ ਉਨ੍ਹਾਂ ਮਰੀਜ਼ਾਂ ਲਈ ਵੱਧ ਖਰਾਬ ਹੈ, ਜਿਨ੍ਹਾਂ ਨੂੰ ਬਲੱਡ ਸ਼ੂਗਰ ਕੰਟਰੋਲ ਕਰਨ ਲਈ ਇੰਸੁਲਿਨ ਲੈਣ ਦੀ ਲੋੜ ਪੈਂਦੀ ਹੈ। ਖੋਜ ਕਰਤਾ ਦੇ ਅਨੁਸਾਰ ਇੰਸੁਲਿਤ ਦੇ ਜ਼ਿਆਦਾ ਡੋਜ਼ ਨਾਲ ਗਲੂਕੋਜ਼ ਦੀ ਮਾਤਰਾ ਵਿੱਚ ਅਸੰਤੁਲਨ ਹੁੰਦਾ ਹੈ। ਇਸ ਨਾਲ ਵਜ਼ਨ ਵਿੱਚ ਵਧ ਸਕਦਾ ਅਤੇ ਦਿਲ ਦੀ ਬਿਮਾਰੀਆਂ ਦਾ ਖਤਰਾ ਵੱਧ ਸਕਦਾ ਹੈ। ਖੋਜ ਕਰਤਾ ਦੀ ਟੀਮ ਅਨੁਸਾਰ ਸਰੀਰ ਦੀ ਜੈਵਿਕ ਘੜੀ ਅਨੁਸਾਰ ਖਾਣਾ ਖਾਣ ਨਾਲ ਸਰੀਰ ਦੀਆਂ ਪ੍ਰਕਿਰਿਆਵਾਂ ਨੂੰ ਬੇਹਤਰ ਢੰਗ ਨਾਲ ਚਲਾਇਆ ਜਾ ਸਕਦਾ ਹੈ ਜਿਸ ਨਾਲ ਇੱਕ ਵਿਅਕਤੀ ਦੀ ਇੰਸੁਲਿਨ ਦੀ ਲੋੜ ਵਿੱਚ ਕਮੀ ਲਿਆਂਦੀ ਜਾ ਸਕਦੀ ਹੈ। ਜੈਵਿਕਾ ਘੜੀ ਅਨੁਸਾਰ ਵਿਅਕਤੀ ਨੂੰ ਦਿਨ ਵਿੱਚ ਤਿੰਨ ਵਾਰ ਭੋਜਨ ਕਰਨਾ ਚਾਹੀਦਾ ਹੈ। ਖੋਜ ਕਰਤਾ ਨੇ ਟਾਈਪ-2 ਸ਼ੂਗਰ ਨਾਲ ਪੀੜਤ 28 ਲੋਕਾਂ 'ਤੇ ਅਧਿਐਨ ਕੀਤਾ ਅਤੇ ਇੱਕ ਗਰੁੱਪ ਨੂੰ ਦਿਨ ਵਿੱਚ ਛੇ ਵਾਰ ਭੋਜਨ ਦਿੱਤਾ ਅਤੇ ਦੂਸਰੇ ਨੂੰ ਤਿੰਨ ਵਾਰ। ਤਿੰਨ ਵਾਰ ਖਾਣ ਵਾਲੀ ਵਿਵਸਥਾ ਵਿੱਚ ਸਵੇਰੇ ਵੱਧ ਖਾਣ ਨੂੰ ਕਿਹਾ ਗਿਆ ਅਤੇ ਰਾਤ ਘੱਟ ਤੋਂ ਘੱਟ ਖਾਣ ਦੀ ਸਲਾਹ ਦਿੱਤੀ ਗਈ। ਉਨ੍ਹਾਂ ਨੇ ਨਾਸ਼ਤੇ ਵਿੱਚ ਬ੍ਰੈਡ, ਫਲ ਅਤੇ ਮਿਠਾਈ ਖਾਣ ਲਈ ਦਿੱਤੀ। ਦੁਪਹਿਰ ਨੂੰ ਪੂਰੀ ਮਾਤਰਾ ਵਿੱਚ ਭੋਜਨ ਦਿੱਤਾ ਅਤੇ ਰਾਤ ਨੂੰ ਖਾਣ ਲਈ ਬੇਹਦ ਘੱਟ ਅਤੇ ਬਿਨਾ ਸਟਾਰਚ ਵਾਲਾ ਖਾਣਾ ਦਿੱਤਾ ਗਿਆ। ਫਿਰ 2 ਹਫਤੇ ਅਤੇ 12 ਹਫਤੇ ਬਾਅਦ ਵੀ ਇਸ ਦੀ ਜਾਂਚ ਕੀਤੀ ਗਈ।


ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers




We Install
Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



ੴ ਸ਼ਹੀਦੀ ਸਮਾਗਮ ੴ

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਸੋਮਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਬੁੱਧਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਉੱਪਲ- 647-207-1887,
ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-207-1887,
ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446 ਨੂੰ ਸੰਪਰਕ ਕਰੋ ਜੀ।



KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ






ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6



# ਸੰਪਾਦਕੀ

## ਸ਼ਰਾਬ ਦੀ ਆਦਤ ਹੁਣ ਬੱਚਿਆਂ ਵਿੱਚ

ਬ੍ਰਿਟਿਸ਼ ਕੋਲੰਬੀਆ ਦੀ ਪ੍ਰੋਵਿੰਸ਼ੀਅਲ ਸਰਕਾਰ ਦੇ ਸਿਹਤ ਮਹਿਕਮੇ ਨੇ ਬ੍ਰਿਟਿਸ਼ ਕੋਲੰਬੀਆ ਸੈਂਟਰ ਆਨ ਸਬਸਟਾਂਸ ਅਬਿਊਜ਼ ਤੋਂ ਇੱਕ ਗਾਈਡਲਾਈਨ ਤਿਆਰ ਕਰਵਾਈ ਹੈ ਜਿਸ ਵਿੱਚ ਫੈਮਲੀ ਡਾਕਟਰਾਂ ਨੂੰ ਇੱਕ ਅਨੋਖੀ ਸਲਾਹ ਦਿੱਤੀ ਗਈ ਹੈ। ਫੈਮਲੀ ਡਾਕਟਰਾਂ ਨੂੰ ਸਲਾਹ ਦਿੱਤੀ ਗਈ ਹੈ ਕਿ 12 ਸਾਲ ਦੀ ਉਮਰ ਤੋਂ ਬੱਚਿਆਂ ਦਾ ਇਹ ਜਾਨਣ ਲਈ ਸਾਲਾਨਾ ਮੁਆਇਨਾ ਕੀਤਾ ਜਾਵੇ ਕਿ ਕਿਤੇ ਉਸਦੇ ਪੱਕਾ ਸ਼ਰਾਬੀ ਬਣ ਜਾਣ ਦੇ ਆਸਾਰ ਤਾਂ ਨਹੀਂ ਹਨ। ਇਸ ਗਾਈਡ-ਲਾਈਨ ਨੂੰ ਤਿਆਰ ਕਰਨ ਪਿੱਛੇ ਇਹ ਤਰਕ ਕੰਮ ਕਰਦਾ ਹੈ ਕਿ ਸ਼ਰਾਬ ਦੀ ਆਦਤ ਨੂੰ ਛੁਡਾਉਣ ਵਿੱਚ ਫੈਮਲੀ ਡਾਕਟਰ ਮਦਦ ਕਰ ਸਕਦੇ ਹਨ ਪਰ ਉਹ ਮਦਦ ਕਰ ਨਹੀਂ ਪਾਉਂਦੇ ਕਿਉਂਕਿ ਲੋਕੀ ਮਦਦ ਲੈਣ ਲਈ ਤਿਆਰ ਨਹੀਂ ਹੁੰਦੇ। ਮਦਦ ਨਾ ਲੈਣ ਦਾ ਨਤੀਜਾ ਇਹ ਨਿਕਲਦਾ ਹੈ ਕਿ ਪੱਕ ਚੁੱਕੇ ਸ਼ਰਾਬੀਆਂ ਨੂੰ ਜਿਗਰ, ਦਿਲ, ਕੈਂਸਰ ਅਤੇ ਦਿਮਾਗੀ ਪਰੇਸ਼ਾਨੀਆਂ ਨਾਲ ਹੀ ਨਹੀਂ ਜੂਝਣਾ ਪੈਂਦਾ ਸਗੋਂ ਉਹਨਾਂ ਵਿੱਚੋਂ ਬਹੁਤ ਸਾਰਿਆਂ ਦੇ ਅਪਰਾਧਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਚਾਂਸ ਵੀ ਵੱਧ ਜਾਂਦੇ ਹਨ।

ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਤਿਆਰ ਕੀਤੀ ਗਈ ਇਹ ਗਾਈਡਲਾਈਨ ਕੈਨੇਡਾ ਭਰ ਵਿੱਚ ਕੀਤਾ ਜਾਣਾ ਵਾਲਾ ਪਹਿਲਾ ਤਜੁਰਬਾ ਹੈ। ਸਿਫ਼ਾਰਸ਼ ਕੀਤੀ ਗਈ ਹੈ ਕਿ ਫੈਮਲੀ ਡਾਕਟਰ ਮਰੀਜ਼ਾਂ ਨੂੰ ਘੱਟ ਸ਼ਰਾਬ ਪੀਣ ਲਈ ਉਤਸ਼ਾਹਿਤ ਕਰਨ। ਬੇਸ਼ੱਕ ਇਸ ਗਾਈਡਲਾਈਨ ਦਾ ਮਨੋਰਥ ਪਬਲਿਕ ਦੀ ਬਿਹਤਰ ਸਿਹਤ ਸੰਭਾਲ ਹੈ ਪਰ ਇਹ ਦੋ ਸੁਆਲ ਵੀ ਖੜੇ ਕਰਦੀ ਹੈ। ਪਹਿਲਾ ਇਹ ਕਿ ਅਸੀਂ ਇੱਕ ਸਮਾਜ ਵਜੋਂ ਉਸ ਸਥਿਤੀ ਉੱਤੇ ਪੁੱਜ ਚੁੱਕੇ ਹਾਂ ਜਿੱਥੇ ਮਹਿਜ਼ 12 ਸਾਲ ਦੇ ਬੱਚੇ ਦਾ ਸ਼ਰਾਬੀ ਬਣ ਜਾਣਾ ਆਮ ਗੱਲ ਬਣਦੀ ਜਾ ਰਹੀ ਹੈ। ਬੀ ਸੀ ਦੇ ਮੈਂਟਲ ਹੈਲਥ ਅਤੇ ਐਡਿਕਸ਼ਨ ਮਹਿਮਕੇ ਬਾਰੇ ਮੰਤਰੀ ਜੂਡੀ ਡਾਰਸੀ ਮੁਤਾਬਕ ਪ੍ਰੋਵਿੰਸ ਦੇ 12 ਸਾਲ ਤੋਂ ਵੱਡੇ 20% ਬੱਚਿਆਂ ਨੂੰ ਹੈਵੀ ਡਰਿੰਕਰਜ਼ ਭਾਵ ਲੋੜੋਂ ਵੱਧ ਸ਼ਰਾਬ ਪੀਣ ਵਾਲੇ ਕਰਾਰ ਦਿੱਤਾ ਜਾ ਚੁੱਕਾ ਹੈ। ਦੂਜਾ ਸੁਆਲ ਹੈ ਕਿ ਜੇਕਰ ਬੀ. ਸੀ. ਵਿੱਚ ਹਾਲਾਤ ਐਨੇ ਖਰਾਬ ਹਨ ਤਾਂ ਕੀ ਉਂਟੇਰੀਓ ਅਤੇ ਹੋਰ ਪ੍ਰੋਵਿੰਸਾਂ ਵਿੱਚ ਸਥਿਤੀ ਕੋਈ ਬਹੁਤੀ ਵੱਖਰੀ ਹੋਵੇਗੀ? ਅੰਕੜਿਆਂ ਦਾ ਉਪਲਬਧ ਨਾ ਹੋਣ ਦਾ ਅਰਥ ਇਹ ਤਾਂ ਨਹੀਂ ਕਿ ਸਮੱਸਿਆ ਹੀ ਨਹੀਂ ਹੈ!

ਅਸਲ ਵਿੱਚ ਸਿਹਤ ਮਾਹਰ ਇਸ ਗੱਲ ਬਾਰੇ ਬਹੁਤ ਦੇਰ ਤੋਂ ਚਿੰਤਤ ਹਨ ਕਿ ਜਿੱਥੇ ਮੈਰੀਉਆਨਾ ਦੇ ਕਾਨੂੰਨੀ ਬਣ ਜਾਣ ਨਾਲ ਪਬਲਿਕ ਦਾ ਧਿਆਨ ਇਸ ਸਮੱਸਿਆ ਵੱਲ ਲੱਗ ਗਿਆ, ਸ਼ਰਾਬ ਹਾਲੇ ਵੀ ਕੈਨੇਡਾ ਲਈ ਵੱਡੀ ਸਿਰਦਰਦੀ ਹੈ। ਮੈਰੀਉਆਨਾ ਆਪਣੇ ਆਪ ਵਿੱਚ ਸਮੱਸਿਆ ਪਰ ਹੁਣ ਇਹ ਦੋਵੇਂ ਮਿਲ ਕੇ ਗੰਭੀਰ ਸਮੱਸਿਆ ਬਣਦੇ ਹਨ। ਰਿਪੋਰਟ ਕੀਤੇ ਅੰਕੜੇ ਦੱਸਦੇ ਹਨ ਕਿ 80% ਕੈਨੇਡੀਅਨਾਂ ਨੂੰ ਸ਼ਰਾਬ ਪੀਣ ਦੀ ਆਦਤ ਹੈ। ਕੈਨੇਡਾ ਵਿੱਚ ਹੁੰਦੇ ਸੜਕੀ ਹਾਦਸਿਆਂ ਵਿੱਚ 40% ਦਾ ਸਿਹਰਾ ਸਿਰਫ਼ ਸ਼ਰਾਬੀਆਂ ਨੂੰ ਜਾਂਦਾ ਹੈ। ਸੈਂਟਰ ਫਾਰ ਐਡਿਕਸ਼ਨ ਅਤੇ ਮੈਂਟਲ ਹੈਲਥ ਮੁਤਾਬਕ ਕੈਨੇਡਾ ਵਿੱਚ 39% ਦੇ ਕਰੀਬ 15 ਸਾਲ ਜਾਂ ਇਸਤੋਂ ਵੱਡੀ ਉਮਰ ਦੇ ਯੂਥ ਹਨ ਜਿਹਨਾਂ ਨੂੰ ਲੋੜੋਂ ਵੱਧ ਸ਼ਰਾਬ ਪੀਣ ਦੀ ਆਦਤ ਹੈ। ਕੈਨੇਡਾ ਭਰ ਵਿੱਚ 15,000 ਹਜ਼ਾਰ ਤੋਂ ਵੱਧ ਲੋਕ ਸਾਲਾਨਾ ਸ਼ਰਾਬ ਪੀਣ ਕਾਰਣ ਮਰਦੇ ਹਨ। ਇਸ ਆਦਤ ਕਾਰਣ ਕੈਨੇਡੀਅਨ ਆਰਥਕਤਾ ਨੂੰ ਹਰ ਸਾਲ 15 ਬਿਲੀਅਨ ਡਾਲਰ ਦਾ ਨੁਕਸਾਨ ਹੁੰਦਾ ਹੈ। ਸ਼ਰਾਬ ਕਾਰਣ ਵਰਕਰਾਂ ਦੀ ਉਤਪਾਦਨ ਸ਼ਕਤੀ ਘੱਟਣ ਨਾਲ 7 ਬਿਲੀਅਨ ਡਾਲਰ ਦਾ ਨੁਕਸਾਨ ਹੁੰਦਾ ਹੈ। ਦੂਜੇ ਪਾਸੇ ਦਿਲਚਸਪ ਗੱਲ ਇਹ ਹੈ ਕਿ ਸ਼ਰਾਬ ਦੀ ਵਿੱਕਰੀ ਨਾਲ ਫੈਡਰਲ ਸਰਕਾਰ ਦੇ ਖਜਾਨੇ ਨੂੰ ਸਾਲਾਨਾ 12 ਬਿਲੀਅਨ ਡਾਲਰ ਦਾ ਲਾਭ ਵੀ ਹੁੰਦਾ ਹੈ।

ਸ਼ਰਾਬ ਦੀ ਖਪਤ ਘੱਟ ਕਰਨ ਲਈ ਮਾਹਰਾਂ ਵੱਲੋਂ ਸਮੇਂ ਸਮੇਂ ਉੱਤੇ ਕਈ ਰਣਨੀਤੀਆਂ ਸੁਝਾਈਆਂ ਜਾਂਦੀਆਂ ਹਨ। ਇਹਨਾਂ ਵਿੱਚ ਕੈਨੇਡਾ ਭਰ ਵਿੱਚ ਸ਼ਰਾਬ ਦੀ ਸਟੈਂਡਰਡ ਡਰਿੰਕ (ਪੈੱਗ) ਦਾ ਘੱਟੋ ਘੱਟ ਭਾਅ 1 ਡਾਲਰ 75 ਸੈਂਟ ਕਰਨਾ ਸ਼ਾਮਲ ਹੈ। ਦਿੱਤੀਆਂ ਜਾਂਦੀਆਂ ਹੋਰ ਸਿਫਾਰਸ਼ਾਂ ਵਿੱਚ ਸ਼ਰਾਬ ਦੇ ਹਰ ਗਲੀ ਮੋੜ ਉੱਤੇ ਉਪਲਬਧ ਹੋਣ ਨੂੰ ਘੱਟ ਕਰਨਾ, ਸ਼ਰਾਬ ਪੀਣ ਦੀ ਘੱਟੋ ਘੱਟ ਉਮਰ ਵਧਾ ਕੇ 21 ਸਾਲ ਕਰਨਾ ਵੀ ਸ਼ਾਮਲ ਹੈ। ਇਹ ਸਾਰੀਆਂ ਚੰਗੀਆਂ ਗੱਲਾਂ ਹਨ ਜਿਹਨਾਂ ਉੱਤੇ ਅਮਲ ਵੀ ਕੀਤਾ ਜਾਣਾ ਚਾਹੀਦਾ ਹੈ, ਪਰ ਹਕੀਕਤ ਇਹ ਵੀ ਹੈ ਕਿ ਸ਼ਰਾਬ ਜਾਂ ਹੋਰ ਕੋਈ ਵੀ ਨਸ਼ੇ ਦੀ ਆਦਤ ਨੂੰ ਕਾਬੂ ਕਰਨ ਦੀ ਖੇਡ ਮਨ ਉੱਤੇ ਕਾਬੂ ਪਾਉਣ ਦੀ ਸਮਰੱਥਾ ਨਾਲ ਜੁੜੀ ਹੋਈ ਹੈ। ਜਦੋਂ ਸਮਾਜ ਵਿੱਚ ਹਰ ਖੁਸ਼ੀ ਗਮੀ, ਖੇਡਾਂ, ਸਿਆਸੀ ਮੌਕਿਆਂ, ਬਿਜਸਨ ਮੀਟਿੰਗਾਂ ਵਰਗੇ ਹਰ ਅਵਸਰ ਉੱਤੇ ਸ਼ਰਾਬ ਪੀਣ ਨੂੰ ਜਰੂਰੀ ਸਮਝਿਆ ਜਾਂਦਾ ਹੈ ਤਾਂ ਲੋਕਾਂ ਦੇ ਮਨਾਂ ਨੂੰ ਦਰੁਸਤ ਕਰਨ ਵਿੱਚ ਕੋਈ ਸਰਕਾਰ ਜਾਂ ਸਿਹਤ ਅਦਾਰਾ ਕਿੰਨਾ ਕੁ ਰੋਲ ਅਦਾ ਕਰ ਸਕਦਾ ਹੈ?

# ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਗਰੁੱਪ ਦੀ ਮੋਗਾ ਇਕਾਈ ਦੀ ਇਕੱਤਰਤਾ

*ਕੈਨੇਡਾ ਤੋਂ ਦਵਿੰਦਰ ਸਿੰਘ ਘਟੌੜਾ ਤੇ ਗੁਰਮੇਲ ਸਿੰਘ ਘਟੌੜਾ ਹੋਏ ਸ਼ਾਮਲ

*ਪੰਜਾਬੀ ਸਭਿਆਚਾਰ ਤੇ ਪੰਜਾਬੀ ਬੋਲੀ ਨੂੰ ਬਚਾਉਣ ਲਈ ਹੋਈਆਂ ਵਿਚਾਰਾਂ

ਮੋਗਾ 18 ਦਸੰਬਰ (ਗਿਆਨ ਸਿੰਘ)- ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਗਰੁੱਪ ਦੀ ਮੋਗਾ ਇਕਾਈ ਦੀ ਇਕੱਤਰਤਾ ਦੁਸਾਂਝ ਰੋੜ ਤੇ ਦਫ਼ਤਰ ਵਿਚ ਸ ਜਸਵਿੰਦਰ ਸਿੰਘ ਸਰਾਵਾਂ ਦੇ ਯਤਨਾਂ ਸਦਕਾ ਹੋਈ। ਇਸ ਮੀਟਿੰਗ ਵਿਚ ਕੈਨੇਡਾ ਤੋਂ ਵਿਸ਼ੇਸ ਤੌਰ ਤੇ ਪਹੁੰਚੇ ਦਵਿੰਦਰ ਸਿੰਘ ਘਟੌੜਾ ਸਾਮਿਲ ਹੋਕੇ ਵਿਚਾਰ ਸਾਂਝੇ ਕਰਦਿਆਂ "ਪੰਜਾਬੀ ਸਭਿਆਚਾਰ ਤੇ ਪੰਜਾਬੀ ਬੋਲੀ" ਨੂੰ ਬਚਾਉਣ ਲਈ ਵਿਸ਼ੇਸ ਤੌਰ ਤੇ ਪ੍ਰੇਰਨਾ ਕੀਤੀ। ਉਨ੍ਹਾਂ ਕਿਹਾ ਕਿਹਾ ਉਹ ਵਿਦੇਸ ਵਿਚ ਯਤਨ ਕਰ ਰਹੇ ਹਨ ਕਿ ਸਾਡਾ ਸਭਿਆਚਾਰ ਤੇ ਮਾਂ ਬੋਲੀ ਪੰਜਾਬੀ ਭਾਸ਼ਾ ਪ੍ਰਫੁੱਲਤ ਹੋਵੇ। ਉਨ੍ਹਾਂ ਪੰਜਾਬੀਆਂ ਨੂੰ ਪੰਜਾਬੀ ਭਾਸ਼ਾ ਦੇ ਵਿਕਾਸ-ਵਿਗਾਸ ਲਈ ਭਵਿੱਖ ਲਈ ਤਿਆਰ ਕੀਤੀਆਂ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੇ ਡਿੱਗ ਰਹੇ ਮਿਆਰ ਬਾਰੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਮਿਲੇ ਹਨ। ਉਨ੍ਹਾਂ ਦਾ ਵੱਖ ਵੱਖ ਸ਼ਹਿਰਾਂ ਵਿਚ ਮੀਟਿੰਗਾਂ ਕਰਨ ਦਾ ਪ੍ਰੋਗਰਾਮ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਵਿਚ ਵਿਸ਼ਵ ਪੰਜਾਬੀ ਕਾਨਫਰੰਸਾ ਕਰਵਾਉਣ ਦਾ ਮੰਤਵ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨਾ ਹੈ।ਕੈਨੇਡੀਅਨ ਗੁਰਮੇਲ ਸਿੰਘ ਘਟੌੜਾ ਨੇ ਵੀ ਪੰਜਾਬੀ ਦੇ ਪ੍ਰਸ਼ਾਰ ਸਬੰਧੀ ਵਿਚਾਰ ਪੇਸ਼ ਕੀਤੇ।

ਇਸ ਮੌਕੇ ਵਿਚਾਰ ਵਟਾਂਦਰੇ ਵਿਚ ਡਾ ਸੁਰਜੀਤ ਸਿੰਘ ਦੌਧਰ, ਸ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ, ਕਰਨਲ ਬਾਬੂ ਸਿੰਘ,ਸ ਸੁਖਵਿੰਦਰ ਸਿੰਘ ਆਜ਼ਾਦ ਨੇ ਹਿੱਸਾ ਲੈਂਦਿਆਂ ਪੰਜਾਬ ਵਿਚ ਪੰਜਾਬੀ ਨੂੰ ਦਰਪੇਸ਼ ਮੁਸ਼ਕਿਲਾਂ ਬਾਰੇ ਦੱਸਿਆ। ਸ ਜਸਵਿੰਦਰ ਸਿਘ ਸਰਾਂਵਾਂ ਨੇ ਦੱਸਿਆ ਕਿ ਬੀਤੇ ਇੱਕ ਸਾਲ ਦੌਰਾਨ ਪੰਜਾਬੀ





ਭਾਸ਼ਾ ਪਸਾਰ ਭਾਈਚਾਰਾ ਗਰੁੱਪ ਵਲੋਂ ਵੱਖ ਵੱਖ ਸਕੂਲਾਂ ਤੇ ਹੋਰ ਸੰਸਥਾਵਾਂ ਵਿਚ ਜਾਗਰੂਕਤਾ ਕੈਂਪ ਵੀ ਲਗਾਏ ਤੇ ਸਮੇਂ ਸਮੇਂ ਸਰਕਾਰ ਨੂੰ ਮੈਮੋਰੰਡਮ ਦਿੱਤੇ । ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਪੰਜਾਬੀ ਨੂੰ ਲਾਗੂ ਕਰਨ ਸਬੰਧੀ ਕਾਰਵਾਈ ਆਰੰਭ ਦਿੱਤੀ ਗਈ ਹੈ।ਸ ਹਰਪਾਲ ਸਿੰਘ ਬਰਾੜ,ਸ ਸੁਖਦੇਵ ਸਿੰਘ ਸਾਬਕਾ ਡੀ ਐਸ ਪੀ, ਨੇ ਹਿੱਸਾ ਲਿਆ।

ਮੀਟਿੰਗ ਵਿਚ ਦੇਸ਼ ਤੇ ਵਿਦੇਸ਼ਾਂ ਵਿਚ ਪੰਜਾਬੀ ਭਾਸ਼ਾ ਦੀ ਤੁਲਨਾਤਮਕ ਵੇਰਵਿਆਂ ਤੇ ਵਿਚਾਰ ਕੀਤਾ ਗਿਆ। ਇਸ ਮੌਕੇ ਕਰਨਲ (ਰਿਟਾ) ਬਾਬੂ ਸਿੰਘ ਨੇ ਗਜ਼ਲਾਂ ਪੇਸ ਕੀਤੀਆਂ। ਅੰਤ ਵਿਚ ਸ ਜਸਵਿੰਦਰ ਸਿਘ ਸਰਾਂਵਾਂ ਨੇ ਮੀਟਿੰਗ 'ਚ ਭਾਗ ਲੈਣ ਵਾਲੇ ਧੰਨਵਾਦ ਕੀਤਾ।




# ਅੱਜ ਮੁੜ ਹੜਤਾਲ ਕਰਨਗੇ ਹਾਈ ਸਕੂਲ ਅਧਿਆਪਕ

...ਪੰਨਾ 1 ਦਾ ਬਾਕੀ

ਰਹੀ ਗੱਲਬਾਤ ਦੇ ਕਿਸੇ ਤਣ-ਪੱਤਣ ਨਾ ਲੱਗਣ ਕਾਰਨ ਦਬਾਅ ਬਣਾਉਣ ਲਈ ਅਜਿਹਾ ਕਰ ਰਹੇ ਹਨ। ਇਸ ਹੜਤਾਲ ਨਾਲ ਪ੍ਰੋਵਿੰਸ ਭਰ ਦੇ 10 ਬੋਰਡ ਪ੍ਰਭਾਵਿਤ ਹੋਣਗੇ। ਇਸ ਦੌਰਾਨ ਥੰਡਰ ਬੇਅ ਤੇ ਵਾਟਰਲੂ ਦੇ ਹਾਈ ਸਕੂਲ ਵੀ ਬੰਦ ਰਹਿਣਗੇ। ਯੂਨੀਅਨ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਸਰਕਾਰ ਉੱਤੇ ਦਬਾਅ ਬਣਾਇਆ ਜਾ ਰਿਹਾ ਹੈ ਕਿ ਉਹ ਕਲਾਸਾਂ ਦੇ ਆਕਾਰ ਵਿੱਚ ਕੀਤੇ ਗਏ ਵਾਧੇ ਵਾਲੇ ਫੈਸਲੇ ਨੂੰ ਵਾਪਿਸ ਲਵੇ ਤੇ ਲਾਜ਼ਮੀ ਬਣਾਈ ਗਈ ਈ-ਲਰਨਿੰਗ ਦੀ ਲੋੜ ਨੂੰ ਖ਼ਤਮ ਕਰੇ। ਸਰਕਾਰ ਦਾ ਕਹਿਣਾ ਹੈ ਕਿ ਮੁੱਖ ਮੁੱਦਾ ਮੁਆਵਜ਼ਾ ਹੈ, ਪ੍ਰੋਵਿੰਸ ਵੱਲੋਂ ਪਬਲਿਕ ਸੈਕਟਰ ਦੀਆਂ ਤਨਖਾਹਾਂ ਦੇ ਵਾਧੇ ਉੱਤੇ ਰੋਕ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੂਜੇ ਪਾਸੇ ਯੂਨੀਅਨ ਤਨਖਾਹਾਂ ਵਿੱਚ ਦੋ ਫੀ ਸਦੀ ਵਾਧੇ ਦੀ ਮੰਗ ਕਰ ਰਹੀ ਹੈ।

ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਵਿਚੋਲੇ ਵੱਲੋਂ ਨਵੇਂ ਸਾਲ ਤੱਕ ਦੋਵਾਂ ਧਿਰਾਂ ਦਰਮਿਆਨ ਗੱਲਬਾਤ ਨੂੰ ਹਾਲ ਦੀ ਘੜੀ ਰੋਕ ਦਿੱਤਾ ਗਿਆ ਹੈ। ਉਸ ਦਾ ਕਹਿਣਾ ਹੈ ਕਿ ਦੋਵਾਂ ਧਿਰਾਂ ਦੇ ਪ੍ਰਸਤਾਵਾਂ ਵਿੱਚ ਜ਼ਮੀਨ ਆਸਮਾਨ ਦਾ ਫਰਕ ਹੈ।

# ਮੁਸ਼ੱਰਫ ਨੂੰ ਮੌਤ ਦੀ ਸਜ਼ਾ ਪਿੱਛੋਂ ਫੌਜ ਉਸ ਦੇ ਪੱਖ ਵਿਚ ਆਣ ਨਿੱਤਰੀ

...ਪੰਨਾ 1 ਦਾ ਬਾਕੀ

ਇੱਕ ਵੱਡੇ ਫੌਜੀ ਅਧਿਕਾਰੀ ਵੱਲੋਂ ਜਾਰੀ ਕੀਤੇ ਪੱਤਰ ਨੂੰ ਫੌਜ ਨੇ ਸ਼ੇਅਰ ਕੀਤਾ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਫੌਜ ਦਾ ਸਾਬਕਾ ਮੁਖੀ, ਸਟਾਫ ਕਮਿਟੀ ਦੇ ਜਾਇੰਟ ਚੀਫ ਅਤੇ ਸਾਬਕਾ ਰਾਸ਼ਟਰਪਤੀ, ਜਿਸ ਨੇ 40 ਸਾਲ ਦੇਸ਼ ਦੀ ਸੇਵਾ ਕੀਤੀ ਅਤੇ ਕਈ ਅਹਿਮ ਜੰਗਾਂ ਵਿਚ ਭਾਗ ਲਿਆ, ਉਹ ਗੱਦਾਰ ਕਿਵੇਂ ਹੋ ਸਕਦਾ ਹੈ। ਇਸ ਖ਼ਤ ਨਾਲ ਫੌਜ ਨੇ ਜਨਰਲ ਮੁਸ਼ੱਰਫ ਦਾ ਸਮਰਥਨ ਕੀਤਾ ਅਤੇ ਅਦਾਲਤੀ ਫੈਸਲੇ ਉੱਤੇ ਸਵਾਲ ਕੀਤਾ ਹੈ। ਫੌਜ ਦੀ ਦਲੀਲ ਹੈ ਕਿ ਅਦਾਲਤ ਨੇ ਸਜ਼ਾ ਦੇਣ ਦੀ ਪ੍ਰਕਿਰਿਆ ਵਿਚ ਸੰਵਿਧਾਨ ਦੀ ਅਣਦੇਖੀ ਕੀਤੀ ਹੈ।

# ਅੱਜ ਜੀਐਮ ਦੇ ਓਸ਼ਵਾ ਸਥਿਤ ਪਲਾਂਟ ਉੱਤੇ ਆਖਰੀ ਵਾਰੀ ਕੀਤਾ ਜਾਵੇਗਾ ਵਾਹਨਾਂ ਦੀ ਪ੍ਰੋਡਕਸ਼ਨ ਦਾ ਕੰਮ

...ਪੰਨਾ 1 ਦਾ ਬਾਕੀ

ਵਾਰੀ ਇੱਥੇ ਗੱਡੀਆਂ ਨੂੰ ਤਿਆਰ ਕਰਨ ਦਾ ਕੰਮ ਕਰਨਗੇ। ਹਾਲਾਂਕਿ ਕੰਪਨੀ ਵੱਲੋਂ ਇਹ ਸੰਕੇਤ ਵੀ ਦਿੱਤਾ ਗਿਆ ਹੈ ਕਿ ਇਸ ਕੰਮ ਨੂੰ ਅਜੇ ਕੁੱਝ ਦੇਰ ਹੋਰ ਅਗਾਂਹ ਪਾਇਆ ਜਾ ਸਕਦਾ ਹੈ। ਜਿਕਰਯੋਗ ਹੈ ਕਿ ਪਿਛਲੇ ਸਾਲ ਨਵੰਬਰ ਵਿੱਚ ਜੀਐਮ ਨੇ ਇਹ ਐਲਾਨ ਕੀਤਾ ਸੀ ਕਿ ਅਮਰੀਕਾ ਵਿੱਚ ਚਾਰ ਹੋਰਨਾਂ ਪਲਾਂਟਜ ਸਮੇਤ ਇਸ ਪਲਾਂਟ ਨੂੰ ਵੀ ਬੰਦ ਕੀਤਾ ਜਾਵੇਗਾ। ਮਈ ਵਿੱਚ ਕੰਪਨੀ ਨੇ ਇਹ ਵਾਅਦਾ ਕੀਤਾ ਸੀ ਕਿ ਇਸ ਪਲਾਂਟ ਉੱਤੇ ਸਬ ਅਸੈਂਬਲੀ ਆਪਰੇਸਨ ਜਾਰੀ ਰੱਖਿਆ ਜਾਵੇਗਾ ਤੇ 300 ਨੌਕਰੀਆਂ ਬਚਾਈਆਂ ਜਾਣਗੀਆਂ। ਕੰਪਨੀ ਦੇ ਇਸ ਫੈਸਲੇ ਦਾ ਕਈ ਵਰਕਰਾਂ ਤੇ ਸਪਲਾਇਰਜ ਉੱਤੇ ਨਕਾਰਾਤਮਕ ਅਸਰ ਪਵੇਗਾ, ਖਾਸਤੌਰ ਉੱਤੇ ਉਨ੍ਹਾਂ ਉੱਤੇ ਜਿਹੜੇ ਪਲਾਂਟ ਉੱਤੇ ਹੀ ਨਿਰਭਰ ਕਰਦੇ ਹਨ।

# ਵੋਟ ਨਾਗਰਿਕ 15 ਜਨਵਰੀ 2020 ਤੱਕ ਬਣਾ ਸਕਦੇ ਹਨ ਨਵੀਂ ਵੋਟ: ਕੁਮਾਰ ਸੌਰਭ ਰਾਜ

*ਵੋਟ ਬਣਾਉਣ ਤੋਂ ਵਾਂਝੇ ਰਹਿ ਗਏ ਨੌਜਵਾਨਾਂ ਨੂੰ ਬਤੌਰ ਵੋਟਰ ਰਜਿਸਟਰ ਕਰਨ ਲਈ ਬੀ.ਐਲ.ਓਜ਼ ਨੂੰ ਸਹਿਯੋਗ ਕਰਨ

ਫ਼ਰੀਦਕੋਟ, 19 ਦਸੰਬਰ (ਗਿਆਨ ਸਿੰਘ) ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫਸਰ ਫ਼ਰੀਦਕੋਟ ਸ਼੍ਰੀ ਕੁਮਾਰ ਸੌਰਭ ਰਾਜ ਨੇ ਜ਼ਿਲ੍ਹੇ ਦੀਆਂ ਸਮੂਹ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਬੈਠਕ ਕੀਤੀ ਅਤੇ ਬਿਨ੍ਹਾਂ ਫੋਟੋ ਵਾਲੀ ਮੁੱਢਲੀ ਵੋਟਰ ਸੂਚੀ ਦੀ ਡੀ.ਵੀ.ਡੀ ਸੌਂਪੀ ਜੋ ਕਿ ਅੱਜ ਜਾਰੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਭਾਰਤ ਦੇ ਚੋਣ ਕਮਿਸ਼ਨ ਦੀਆ ਹਦਾਇਤਾ ਅਨੁਸਾਰ ਯੋਗਤਾ ਮਿਤੀ 01 ਜਨਵਰੀ 2020 ਦੇ ਆਧਾਰ ਤੇ ਫੋਟੋ ਵੋਟਰ ਸੂਚੀ ਦੀ ਸਰਸਰੀ ਸੁਧਾਈ ਦੇ ਸਬੰਧ ਵਿੱਚ ਡਰਾਫਟ ਫੋਟੋ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਜਾਰੀ ਕੀਤੀ ਗਈ ਹੈ। ਇਹ ਵੋਟਰ ਸੂਚੀਆਂ ਜਿਲ੍ਹਾ ਚੋਣ ਦਫ਼ਤਰ, ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ ਅਤੇ ਬੂਥ ਲੈਵਲ ਅਫ਼ਸਰਾਂ ਪਾਸ ਆਮ ਜਨਤਾ ਦੇ ਵੇਖਣ ਲਈ ਉਪਲੱਬਧ ਹੋਵੇਗੀ। ਉਹਨਾਂ ਅੱਗੇ ਦੱਸਿਆ ਕਿ ਦਾਅਵੇ ਅਤੇ ਇਤਰਾਜ ਦਾਇਰ ਕਰਨ ਦਾ ਸਮਾਂ 16 ਦਸੰਬਰ 2019 ਤੋਂ ਮਿਤੀ 15 ਜਨਵਰੀ 2020 ਨਿਰਧਾਰਿਤ ਕੀਤਾ ਗਿਆ ਹੈ। ਕੋਈ ਵੀ ਵਿਅਕਤੀ ਜਿਸਦੀ ਉਮਰ ਮਿਤੀ 01 ਜਨਵਰੀ 2020 ਨੂੰ 18 ਸਾਲ ਪੂਰੀ ਹੋਣੀ ਹੈ ਜਾਂ ਇਸ ਤੋਂ ਵੱਧ ਹੋ ਚੁੱਕੀ ਹੈ ਅਤੇ ਉਸਦੀ ਵੋਟ ਅਜੇ ਤੱਕ ਨਹੀਂ ਬਣੀ ਤਾਂ ਉਹ ਆਪਣੀ ਵੋਟ ਬਣਾਉਣ ਵਾਸਤੇ ਫਾਰਮ ਨੰ. 6 (ਸਮੇਤ ਰੰਗਦਾਰ ਪਾਸਪੋਰਟ ਸਾਇਜ਼ ਫੋਟੋ ਅਤੇ ਉਮਰ ਸਬੰਧੀ ਦਸਤਾਵੇਜ) ਵਿੱਚ ਆਪਣਾ ਦਾਅਵਾ ਪੇਸ਼ ਕਰੇਗਾ। ਵੋਟ ਕਟਵਾਉਣ ਲਈ ਫਾਰਮ ਨੰ. 7, ਵੋਟਰ ਦੇ ਵੇਰਵਿਆਂ ਵਿੱਚ ਦਰੁੱਸਤੀ ਲਈ ਫਾਰਮ ਨੰ. 8 ਅਤੇ ਵਿਧਾਨ ਸਭਾ ਹਲਕੇ ਅੰਦਰ ਰਿਹਾਇਸ਼ ਤਬਦੀਲੀ ਦੀ ਸੂਰਤ ਵਿੱਚ ਫਾਰਮ ਨੰ: 8 ੳ ਭਰਿਆ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਫ਼ਰੀਦਕੋਟ 'ਚ ਪੈਂਦੇ ਵਿਧਾਨ ਸਭਾ ਹਲਕਾ ਦੀ ਰੈਸਨੇਲਾਈਜੇਸ਼ਨ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਵਿਧਾਨ ਸਭਾ ਹਲਕਾ 87-ਫ਼ਰੀਦਕੋਟ ਵਿਚ ਪੈਂਦੇ ਬੂਥ ਨੰਬਰ 46 ਸਰਕਾਰੀ ਪ੍ਰਾਇਮਰੀ ਸਕੂਲ, ਸਾਧੂਵਾਲਾ ਅਤੇ ਵਿਧਾਨ ਸਭਾ ਹਲਕਾ 88-ਕੋਟਕਪੂਰਾ ਵਿਚ ਬੂਥ ਨੰਬਰ 43 ਸਰਕਾਰੀ ਪ੍ਰਾਇਮਰੀ ਸਕੂਲ ਬੀੜ ਸਿੱਖਾਂਵਾਲਾ ਦੋ ਨਵੇਂ ਬੂਥ ਬਣਾਏ ਗਏ ਹਨ। ਜਿਸ ਨਾਲ ਹੁਣ ਫ਼ਰੀਦਕੋਟ ਜ਼ਿਲ੍ਹੇ ਵਿਚ ਕੁੱਲ 485 ਬੂਥ ਹੋ ਗਏ ਹਨ।

ਸ੍ਰੀ ਕੁਮਾਰ ਸੌਰਭ ਰਾਜ, ਆਈ.ਏ.ਐਸ., ਡਿਪਟੀ ਕਮਿਸ਼ਨਰ ਕਮ ਜਿਲ੍ਹਾ ਚੋਣ ਅਫ਼ਸਰ ਨੇ ਸਮੂਹ ਪਾਰਟੀ ਦੇ ਸਿਆਸੀ ਨੁਮਾਇੰਦਿਆਂ ਨੂੰ ਹਰੇਕ ਬੂਥ ਤੇ ਆਪਣਾ ਇੱਕ ਬੂਥ ਲੈਵਲ ਏਜੰਟ ਨਿਯੁਕਤ ਕਰਨ ਅਤੇ ਉਹਨਾਂ ਨੂੰ ਇਹ ਹਦਾਇਤ ਕਰਨ ਕਿ ਜਿਹੜੇ ਵੋਟਰ ਆਪਣੀ ਵੋਟ ਬਣਾਉਣ ਤੋਂ ਵਾਂਝੇ ਰਹਿ ਗਏ ਹਨ ਉਹਨਾਂ ਦੀ ਵੋਟ ਬਣਾਉਣ ਲਈ ਬੀ.ਐਲ.ਓਜ਼ ਨੂੰ ਸਹਿਯੋਗ ਦੇਣ। ਉਨ੍ਹਾਂ ਆਮ ਜਨਤਾ ਨੂੰ ਸਹਿਯੋਗ ਦੀ ਅਪੀਲ ਕਰਦਿਆਂ ਕਿਹਾ ਕਿ ਕੋਈ ਵੀ ਯੋਗ ਨਾਗਰਿਕ ਵੋਟਰ ਬਨਣ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਕਿਸੇ ਕਿਸਮ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਸਬੰਧਤ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ/ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫ਼ਸਰਾਂ/ਤਹਿਸੀਲਦਾਰ ਚੋਣਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਸਬੰਧ ਵਿੱਚ ਜਿਲ੍ਹਾ ਚੋਣ ਦਫ਼ਤਰ, ਫ਼ਰੀਦਕੋਟ ਵਿਖੇ ਸਥਾਪਿਤ ਵੋਟਰ ਹੈਲਪਲਾਈਨ ਨੰ: 1950 ਤੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।ਇਸ ਮੌਕੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਸ. ਗੁਰਜੀਤ ਸਿੰਘ ਤਹਿਸੀਲਦਾਰ ਚੋਣਾਂ ਮੈਡਮ ਹਰਜਿੰਦਰ ਕੌਰ, ਕਾਂਗਰਸ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਬੀ.ਜੇ.ਪੀ, ਬੀ.ਐਸ.ਪੀ, ਆਪ ਅਤੇ ਸੀ.ਪੀ.ਆਈ (ਐਮ ) ਸਿਆਸੀ ਪਾਰਟੀਆਂ ਦੇ ਨੁਮਾਇੰਦੇ ਹਾਜ਼ਰ ਸਨ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.















# ਨੱਕ ਤਾਂ ਐਲਕੋਮੀਟਰ ਹੈ

-ਨੂਰ ਸੰਤੋਖਪੁਰੀਆ



ਸੂਬਾ ਗੁਜਰਾਤ ਦੇ ਜ਼ਿਲਾ ਗਾਂਧੀਨਗਰ ਦੇ ਪਿਆਜ ਪਿੰਡ ਦੇ ਲੋਕਾਂ ਨੇ ਸਿੱਧ ਕਰ ਦਿੱਤਾ ਹੈ ਕਿ ਕਿਸੇ ਆਦਮੀ ਵੱਲੋਂ ਪੀਤੀ ਹੋਈ ਸ਼ਰਾਬ ਦਾ ਪਤਾ ਲਾਉਣ ਲਈ ਵਰਤੇ ਜਾਂਦੇ ਐਲਕੋਮੀਟਰ ਦੀ ਥਾਂ ਨੱਕ ਵਧੇਰੇ ਕਾਰਗਰ ਹੈ। ਨੱਕ ਨਾਲ ਸੁੰਘ ਕੇ ਸ਼ਰਾਬ ਸੇਵਨ ਦਾ ਪਤਾ ਲਾਉਣਾ ਹਿੰਙ ਲੱਗੇ ਨਾ ਫਟਕੜੀ ਰੰਗ ਆਵੇ ਚੋਖਾ ਦੇ ਅਖਾਣ ਵਾਂਗ ਬਿਲਕੁਲ ਸਸਤਾ ਹੈ। ਕਿਸੇ ਚੰਗੀ ਕੰਪਨੀ ਦੇ ਐਲਕੋਮੀਟਰ ਦੀ ਕੀਮਤ ਘੱਟੋ ਘੱਟ ਪੈਂਤੀ ਹਜ਼ਾਰ ਰੁਪਏ ਤੱਕ ਹੁੰਦੀ ਹੈ ਅਤੇ ਇਹ ਹਰ ਥਾਣੇ 'ਚ ਨਹੀਂ ਹੁੰਦਾ। ਜੇ ਇੱਕ ਜ਼ਿਲੇ ਦੀ ਪੁਲਸ ਕੋਲ ਕੁੱਲ ਮਿਲਾ ਕੇ ਵੀਹ ਪੱਚੀ ਐਲਕੋਮੀਟਰ ਹੋਣ (ਹੁੰਦੇ ਵੀ ਇੰਨੇ ਕੁ ਹੀ ਹਨ) ਤਾਂ ਉਹ ਅਣਗਿਣਤ ਵਾਹਨ ਚਾਲਕਾਂ ਦਾ ਟੈਸਟ ਕਰ ਕੇ ਕਿਵੇਂ ਪਤਾ ਲਾ ਸਕਦੀ ਹੈ ਕਿ ਕਿਸ ਵਾਹਨ ਚਾਲਕ ਨੇ ਲਾਲ ਪਰੀ ਦੇ ਘੁੱਟ ਭਰੇ ਹੋਏ ਹਨ ਤੇ ਕਿਸ ਨੇ ਨਹੀਂ? ਉਂਝ ਕਈ ਪੁਲਸੀਏ ਲੋਕਾਂ ਕੋਲੋਂ ਡਰਾ ਕੇ ਵਸੂਲੇ ਗਏ ਨਜ਼ਰਾਨੇ, ਸ਼ੁਕਰਾਨੇ ਨਾਲ ਵਰਤੀ ਜਾਂਦੀ ਸਟੇਸ਼ਨਰੀ ਦਾ ਖਰਚਾ ਆਪਣੇ ਵਾਹਨਾਂ ਵਾਸਤੇ ਤੇਲ ਪਾਣੀ ਦਾ ਖਰਚਾ, ਦਾਰੂ ਸ਼ਾਰੂ, ਮੀਟ ਮੁਰਗਾ ਛਕਣ ਦਾ ਖਰਚਾ ਤੇ ਹੋਰ ਹਰ ਸ਼ੌਕ ਪੂਰਾ ਕਰਨ ਦਾ ਖਰਚਾ ਪੂਰਾ ਕਰਦੇ ਹਨ। ਫਿਰ ਪੁਲਸ ਵੱਲੋਂ ਸਹੀ ਗਿਣਤੀ ਵਿੱਚ ਐਲਕੋਮੀਟਰ ਨਾ ਦਿੱਤੇ ਜਾਣ ਕਾਰਨ ਖੜਮਸਤ, ਟੱਲੀ, ਟੁੰਨ ਹੋਏ ਵਾਹਨ ਚਾਲਕਾਂ ਦੀ ਗਿਣਤੀ ਪਤਾ ਕਰ ਕੇ ਉਨ੍ਹਾਂ ਨੂੰ ਜੁਰਮਾਨਾ ਕਿਵੇਂ ਠੋਕਿਆ ਜਾ ਸਕਦਾ ਹੈ? ਉਨ੍ਹਾਂ ਨੂੰ ਦਾਰੂ ਪਸਤੀ 'ਚ ਡੁੱਬ ਕੇ ਵਾਹਨ ਚਲਾਉਣ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ? ਨਜ਼ਰਾਨਾ ਸ਼ੁਕਰਾਨਾ ਵਗੈਰਾ ਵਸੂਲਣ ਦਾ ਕੰਮ ਕਰਨ ਵਾਲੇ ਪੁਲਸੀਏ ਆਪਣਾ ਇਹ ਕੰਮ ਕਿਵੇਂ ਵਧਾ ਸਕਦੇ ਹਨ।

ਪਿਆਜ ਪਿੰਡ ਦੇ ਲੋਕਾਂ ਦੇ ਸਦਕੇ ਜਾਈਏ, ਜਿਨ੍ਹਾਂ ਨੇ ਹਰ ਸੂਬੇ ਦੇ ਪੁਲਸ ਮਹਿਕਮੇ ਦਾ ਕੰਮ ਸੌਖਾ ਕਰ ਦਿੱਤਾ ਹੈ ਤੇ ਬਰੀਥ ਅਨੈਲੇਸਿਜ਼ ਐਲਕੋਮੀਟਰਸ ਉਪਰ ਖਰਚੇ ਜਾਂਦੇ ਲੱਖਾਂ ਕਰੋੜਾਂ ਰੁਪਏ ਬਚਾਉਣ ਦਾ ਰਸਤਾ ਵਿਖਾ ਦਿੱਤਾ ਹੈ। ਉਨ੍ਹਾਂ ਨੇ ਸਿੱਧ ਕਰ ਕੇ ਵਿਖਾ ਦਿੱਤਾ ਹੈ ਕਿ ਨੱਕ ਵਰਗਾ ਬਰੀਥ ਅਨੈਲੇਸਿਜ਼ ਐਲਕੋਮੀਟਰ (ਐਲਕੋਮੀਟਰ ਦਾ ਪੂਰਾ ਨਾਂਅ) ਕੋਈ ਹੋਰ ਯੰਤਰ ਨਹੀਂ ਹੋ ਸਕਦਾ, ਤਰ੍ਹਾਂ-ਤਰ੍ਹਾਂ ਦੇ ਲਜ਼ੀਜ਼ ਪਕਵਾਨਾਂ, ਤਰ੍ਹਾਂ ਤਰ੍ਹਾਂ ਦੇ ਫੁੱਲਾਂ ਦੀ ਮਹਿਕ ਮਾਨਣ ਦਾ ਕੰਮ ਕਰਨ ਤੋਂ ਇਲਾਵਾ ਸ਼ਰਾਬੀਆਂ ਨੂੰ ਸੁੰਘਣ ਦਾ ਕੰਮ ਬੜੇ ਅਸਰਦਾਰ ਢੰਗ ਨਾਲ ਕਰਦਾ ਹੈ। ਕਿਸੇ ਸ਼ਰਾਬੀ ਨੇ ਪੀਤੀ ਹੋਈ ਸ਼ਰਾਬ ਦੀ ਬਦਬੂ ਨੂੰ ਲੁਕਾਉਣ ਵਾਸਤੇ ਖੁਸ਼ਬੂਦਾਰ ਛੋਟੀਆਂ ਇਲਾਇਚੀਆਂ ਜਾਂ ਟੌਫੀਆਂ-ਗੋਲੀਆਂ ਖਾਧੀਆਂ ਹੋਣ ਤਾਂ ਵੀ ਨੱਕ ਦਾ ਐਲਕੋਮੀਟਰ ਸੁੰਘ ਕੇ ਉਸ ਦਾ ਪਰਦਾ ਫਾਸ਼ ਕਰ ਸਕਦਾ ਹੈ। ਕਿਸੇ ਸ਼ਰਾਬੀ ਬੰਦੇ ਨੂੰ ਸੁੰਘਣ ਦਾ ਕੰਮ ਹੈ ਔਖਾ।

ਕਈ ਵਾਹਨ ਚਲਕਾਂ ਤੋਂ ਇਲਾਵਾ ਘਰ ਆਏ ਪ੍ਰਾਹੁਣੇ, ਕਈ ਬਰਾਤੀ-ਘਰਾਤੀ ਵਗੈਰਾ ਵੀ ਸ਼ਰਾਬ ਵੇਖ ਕੇ ਲਾਰਾਂ ਛੱਡਣ ਲੱਗ ਪੈਂਦੇ ਹਨ ਤੇ ਕੁਝ ਬਰਾਤੀ ਸ਼ਰਾਬੀ ਹੋਏ ਲਲਕਾਰੇ ਮਾਰਨ ਲੱਗ ਪੈਂਦੇ ਹਨ। ਆਪਣੇ ਲਾਇਸੈਂਸੀ ਪਿਸਤੌਲਾਂ ਤੇ ਬੰਦੂਕਾਂ 'ਚੋਂ ਫਾਇਰ ਕੱਢਣ ਲੱਗ ਪੈਂਦੇ ਹਨ। ਗੋਲੀ ਵੱਜਣ 'ਤੇ ਕੋਈ ਅਣਭੋਲ ਬਰਾਤੀ ਜਾਂ ਘਰਾਤੀ ਜਾਂ ਫਿਰ ਕੋਈ ਨੱਚਣ ਗਾਉਣ ਵਾਲਾ/ ਵਾਲੀ ਕੋਈ ਗਰੀਬ ਬੈਰ੍ਹਾ ਮਾਰਿਆ ਜਾਂਦਾ ਹੈ। ਗੁਜਰਾਤ ਦੇ ਜ਼ਿਲਾ ਗਾਂਧੀਨਗਰ ਦੇ ਪਿਆਜ ਪਿੰਡ ਦੇ ਲੋਕਾਂ ਨੇ ਵਿਆਹ ਵਰਗੇ ਪਵਿੱਤਰ ਕਾਰਜ 'ਚ ਸ਼ਾਮਲ ਹੋਣ ਵਾਲੇ ਲਾਲ ਪਰੀ ਦੇ ਸ਼ੌਕੀਨਾਂ ਨੂੰ ਨੱਥ ਪਾਉਣ ਦਾ ਨਿਰਾਲਾ ਢੰਗ ਕੱਢ ਲਿਆ ਹੈ। ਵਿਆਹ ਤੋਂ ਪਹਿਲਾਂ ਲਾੜੀ ਦੇ ਪਰਵਾਰ ਵੱਲੋਂ 25 ਲੋਕਾਂ ਦਾ ਇੱਕ ਗਰੁੱਪ ਲਾੜੇ ਅਤੇ ਬਰਾਤੀਆਂ ਨੂੰ ਸੁੰਘਦਾ ਹੈ। ਜੇ ਕਿਸੇ ਨੇ ਸ਼ੇਰਨੀ ਦਾ ਦੁੱਧ (ਸ਼ਰਾਬ) ਦਾ ਸੇਵਨ ਕੀਤਾ ਹੋਵੇ ਤਾਂ ਉਸ ਦੀ ਆਓਭਗਤ ਅਤੇ ਸੇਵਾ ਕਰਨ ਦੀ ਥਾਂ ਵਿਆਹ ਦੀਆਂ ਰਸਮਾਂ ਰੋਕ ਕੇ ਲਾੜੇ ਵਾਲਿਆਂ ਤੋਂ ਹਰਜਾਨਾ ਵਸੂਲਿਆ ਜਾਂਦਾ ਹੈ। ਇਹੀ ਨਹੀਂ, ਇਸ ਪਿੰਡ 'ਚ ਵਿਆਹ ਤੈਅ ਹੋਣ ਤੋਂ ਪਹਿਲਾ ਵੀ ਲਾੜੇ, ਉਸ ਦੇ ਬਾਪ ਤੇ ਪਰਵਾਰ ਦੇ ਹੋਰਨਾਂ ਜੀਆਂ ਦਾ ਇਹ ਟੈਸਟ ਲਿਆ ਜਾਂਦਾ ਹੈ। ਖਿਡਾਰੀਆਂ ਦਾ ਡੋਪ ਟੈਸਟ ਕਰਨ ਵਾਲੀਆਂ ਵਾਡਾ ਤੇ ਨਾਡਾ ਏਜੰਸੀਆਂ ਨੂੰ ਇਹੋ ਜਿਹਾ ਕੋਈ ਮੁਫਤ ਵਰਗਾ ਨਵਾਂ ਫਾਰਮੂਲਾ ਜਾਂ ਢੰਗ ਈਜਾਦ ਕਰਨਾ ਚਾਹੀਦਾ ਹੈ। ਸ਼ਰਾਬ ਦਾ ਸੇਵਨ ਰੋਕਣ ਲਈ ਪਿਆਜ ਪਿੰਡ ਦੇ ਲੋਕਾਂ ਨੂੰ ਜਿਹੜਾ ਇਹ ਨਵਾਂ ਅਤੇ ਅਨੋਖਾ ਤਰੀਕਾ ਕੱਢਿਆ ਹੈ, ਇਸ ਨੂੰ ਸਕੂਲਾਂ ਤੇ ਕਾਲਜਾਂ ਦੇ ਸਟੱਡੀ ਕੋਰਸਿਜ਼ 'ਚ ਸ਼ਾਮਲ ਕਰ ਲੈਣਾ ਚਾਹੀਦਾ ਹੈ।

ਆਪਾਂ ਗੱਲ ਅਗਾਂਹ ਰੇੜ੍ਹਦੇ ਹਾਂ। ਪਿਆਜ ਪਿੰਡ ਵਾਲੇ ਸ਼ਰਾਬ ਦੇ ਪਾਏ ਗਏ ਰੇੜਕੇ ਕਾਰਨ ਵਿਆਹ ਤੋੜ ਦਿੰਦੇ ਹਨ ਤੇ ਲਾੜਾ ਪਰਵਾਰ ਨੂੰ ਇੱਕ ਲੱਖ ਦਾ ਹਰਜਾਨਾ ਦੇਣਾ ਪੈਂਦਾ ਹੈ। ਉਥੇ ਇਹ ਅਨੋਖਾ ਪਰੰਪਰਾ ਚਾਰ ਸਾਲ ਪਹਿਲਾਂ ਸ਼ੁਰੂ ਹੋਈ ਸੀ, ਜਦੋਂ 20 ਸਾਲ ਤੋਂ ਘੱਟ ਉਮਰ ਦੇ ਕੁਝ ਨੌਜਵਾਨਾਂ ਦੀ ਸ਼ਰਾਬ ਪੀਣ ਨਾਲ ਮੌਤ ਹੋ ਗਈ ਸੀ। ਇਸ ਦੀ ਸ਼ੁਰੂਆਤ ਕਰਨ ਵਾਲੇ ਸਰਪੰਚ ਰਮੇਸ਼ ਜੀ ਠਾਕੋਰ ਦਾ ਕਹਿਣਾ ਹੈ ਕਿ ਪਤੀ ਦੇ ਸ਼ਰਾਬੀ ਹੋਣ ਕਾਰਨ ਉਸਦੀ ਪਤਨੀ ਤੇ ਬਾਅਦ ਵਿੱਚ ਉਨ੍ਹਾਂ ਦੇ ਬੱਚਿਆਂ ਦੀ ਜ਼ਿੰਦਗੀ ਬਰਬਾਦ ਹੋ ਜਾਂਦੀ ਹੈ। ਸ਼ਰਾਬਬੰਦੀ ਵਾਲੇ ਸੂਬੇ ਵਿੱਚ ਸ਼ਰਾਬ ਵਿਕਣ ਦੇ ਕੇਸ 'ਚ ਪੁਲਸ ਤੋਂ ਮਦਦ ਲੈਣ ਦੇ ਸੁਆਲ ਉੱਤੇ ਸਰਪੰਚ ਠਾਕੋਰ ਨੇ ਕਿਹਾ ਕਿ ਕਈ ਵਾਰ ਪੁਲਸ ਤੋਂ ਮਦਦ ਮੰਗੀ, ਪਰ ਉਸ ਦੇ ਪੁੱਜਣ ਦੀ ਸੂਚਨਾ ਲੀਕ ਹੋਣ ਕਾਰਨ ਸ਼ਰਾਬ ਵੇਚਣ ਵਾਲੇ ਰਫੂਚੱਕਰ ਹੋ ਜਾਂਦੇ ਹਨ। ਉਸ ਨੇ ਲੈਂਡ ਮਾਫੀਆ ਵਾਂਗ ਸ਼ਰਾਬ ਮਾਫੀਆ ਅਤੇ ਪੁਲਸ ਵਿਚਾਲੇ ਸਾਂਝ-ਭਿਆਲੀ ਪੈਗ-ਪਿਆਲੀ ਦੀ ਵੀ ਗੱਲ ਕਹੀ।

ਸ਼ਰਾਬੀ ਹੋਏ ਡਾਰਈਵਰਜ਼ ਕਦੇ ਵੀ ਸਾਵਧਾਨੀ ਨਾਲ ਲਾਰੀਆਂ, ਮੋਟਰ ਗੱਡੀਆਂ ਆਦਿ ਨਹੀਂ ਚਲਾਉਂਦੇ ਸਗੋਂ ਤੇਜ਼ ਰਫਤਾਰ 'ਚ ਭਜਾਉਂਦੇ-ਉਡਾਉਂਦੇ ਹਨ। ਉਹ ਆਪਣੀ ਜਾਨ ਦੀ ਖੈਰ ਕਦੇ ਨਹੀਂ ਚਾਹੁੰਦੇ। ਉਹ ਆਪਣੇ ਪਰਵਾਰਕ ਜੀਆਂ ਤੇ ਹੋਰ ਲੋਕਾਂ ਦੀ, ਸਵਾਰੀਆਂ ਦੀ ਜਾਨ ਦੀ ਖੈਰ ਕਿੱਥੇ ਚਾਹੁੰਦੇ ਹਨ? ਤਾਹੀਓਂ ਸੜਕਾਂ ਕੰਢੇ ਭਾਂਤ-ਭਾਂਤ ਦੀਆਂ ਇਬਾਰਤਾਂ ਦੇ ਬੋਰਡ ਲੱਗੇ ਹੋਏ ਹਨ। ਜਿਵੇਂ ਦੁਰਘਟਨਾ ਨਾਲੋਂ ਸਾਵਧਾਨੀ ਚੰਗੀ ਹੈ, ਵਕਤ ਨਾਲੋਂ ਜ਼ਿੰਦਗੀ ਕੀਮਤੀ ਹੈ, ਗੱਡੀ ਧਿਆਨ ਨਾਲ ਚਲਾਓ, ਘਰੇ ਤੁਹਾਡੇ ਕੋਈ ਉਡੀਕ ਕਰ ਰਿਹਾ ਹੈ। 'ਸਪੀਡ ਥ੍ਰਿਲਜ਼ ਬੱਟ ਕਿੱਲਜ਼' ਸ਼ਰਾਬ ਪੀ ਕੇ ਗੱਡੀ ਨਾ ਚਲਾਓ। ਆਦਿ। ਹੁਣ ਹਰ ਸੜਕ ਦੇ ਕੰਢੇ 'ਤੇ ਅਤੇ ਚੌਕਾਂ 'ਚ ਬੋਰਡ ਗੱਡ ਦੇਣੇ ਚਾਹੀਦੇ ਹਨ, ਜਿਨ੍ਹਾਂ ਉਪਰ ਇਹ ਇਬਾਰਤ ਮੋਟੇ-ਮੋਟੇ ਅੱਖਰਾਂ ਵਿੱਚ ਲਿਖੀ ਹੋਵੇ, ''ਹੁਣ ਹਰ ਵਾਹਨ ਚਾਲਕ ਨੂੰ ਸੁੰਘਿਆ ਜਾਇਆ ਕਰੇਗਾ।''

ਭਾਰਤ ਦੀ ਹਰ ਸੂਬਾ ਪੁਲਸ ਨੂੰ ਚਾਹੀਦਾ ਹੈ ਕਿ ਉਹ ਆਪਣੇ ਪੁਲਸ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸ਼ਰਾਬੀ ਵਾਹਨ ਚਾਲਕਾਂ ਨੂੰ ਸੁੰਘ ਕੇ ਉਨ੍ਹਾਂ ਦੀ ਪਛਾਣ/ ਪਰਖ ਕਰਨ ਦੀ ਖਾਸ ਸਿਖਲਾਈ ਦੇਵੇ ਅਤੇ ਹਰ ਪੁਲਸ ਨਾਕੇ 'ਤੇ ਇਨ੍ਹਾਂ ਨੂੰ ਤੈਨਾਤ ਕਰੇ, ਕੀ ਲੜ ਏ ਮਹਿੰਗੇ ਐਲਕੋਮੀਟਰ ਖਰੀਦਣ ਦੀ? ਚੋਣ ਕਮਿਸ਼ਨਰ ਨੂੰ ਚਾਹੀਦਾ ਹੈ ਕਿ ਉਹ ਹਰ ਪੋਲਿੰਗ ਬੂਥ 'ਤੇ ਸ਼ਰਾਬੀ ਵੋਟਰਾਂ ਨੂੰ ਸੁੰਘਣ ਦਾ ਖਾਸ ਬੰਦੋਬਸਤ ਕਰੇ ਅਤੇ ਜਿਨ੍ਹਾਂ ਨੇ ਲਾਲ ਪਰੀ ਦੇ ਘੁੱਟ ਭਰੇ ਹੋਣ ਜਾਂ ਕੋਈ ਹੋਰ ਨਸ਼ਾ-ਪੱਤਾ ਖਾਧਾ-ਪੀਤਾ ਹੋਵੇ, ਉਨ੍ਹਾਂ ਨੂੰ ਵੋਟ ਪਾਉਣ ਤੋਂ ਰੋਕ ਦਿੱਤਾ ਜਾਵੇ ਕਿਉਂਕਿ ਕਈ ਸਿਆਸੀ ਨੇਤਾ ਸ਼ਰਾਬ, ਡੋਡੇ, ਅਫੀਮ ਤੇ ਹੋਰ ਨਸ਼ੇ-ਪੱਤੇ ਵੰਡ-ਵੰਡਵਾ ਕੇ ਸਿਆਸੀ ਪੱਤੇ ਖੇਡਣ ਤੋਂ ਰੁਕਦੇ ਹੀ ਨਹੀਂ ਹਨ।

# ਬਦਲ ਰਹੀ ਹੈ ਮੋਬਾਈਲ ਦੀ ਦੁਨੀਆ, ਸੰਭਲ ਕੇ ਵਰਤੋਂ ਕਰੋ

-ਅਲੋਕ ਜੋਸ਼ੀ

ਫੋਨ 'ਤੇ ਸਿਰਫ ਜ਼ਰੂਰੀ ਗੱਲ ਕਰੋ। ਫੋਨ 'ਤੇ ਫਾਲਤੂ ਗੱਲ ਨਾ ਕਰੋ। ਧਿਆਨ ਰੱਖੋ, ਹੋ ਸਕਦਾ ਹੈ ਕਿਸੇ ਨੇ ਕੋਈ ਬੇਹੱਦ ਜ਼ਰੂਰੀ ਗੱਲ ਕਰਨੀ ਹੋਵੇ, ਲਾਈਨ ਬਿਜ਼ੀ ਨਾ ਰੱਖੋ। ਇਸ ਤਰ੍ਹਾਂ ਦੀਆਂ ਲਾਈਨਾਂ ਪਹਿਲਾਂ ਦੂਰਸੰਚਾਰ ਵਿਭਾਗ ਜਾਂ ਟੈਲੀਫੋਨ ਦਫਤਰਾਂ ਵਿੱਚ ਲੱਗੇ ਬੋਰਡਾਂ 'ਤੇ ਲਿਖੀਆਂ ਹੁੰਦੀਆਂ ਸਨ ਅਤੇ ਟੈਲੀਫੋਨ ਡਾਇਰੈਕਟਰੀ ਦੇ ਪੰਨਿਆਂ 'ਤੇ ਵਿੱਚ-ਵਿਚਾਲੇ ਸੁੰਦਰ ਇਸ਼ਤਿਹਾਰਾਂ ਦੇ ਰੂਪ ਵਿੱਚ ਦਿਸਦੀਆਂ ਸਨ, ਜਿਸ ਵਿੱਚ ਉਦਾਰੀਕਰਨ ਅਤੇ ਟੈਲੀਕਾਮ ਕਾਰੋਬਾਰ ਵਿੱਚ ਨਿੱਜੀ ਕੰਪਨੀਆਂ ਦੇ ਆਉਣ, ਭਾਵ ਮੋਬਾਈਲ ਫੋਨ ਸ਼ੁਰੂ ਹੋਣ ਪਿੱਛੋਂ ਇਹ ਕਿੱਸਾ ਖਤਮ ਨਹੀਂ ਹੋਇਆ ਸੀ। 1995 ਵਿੱਚ ਜਦੋਂ ਪਹਿਲੀ ਵਾਰ ਮੋਬਾਈਲ ਸਰਵਿਸ ਸ਼ੁਰੂ ਹੋਈ ਤਾਂ ਕਾਲ ਕਰਨ ਦਾ ਖਰਚ 16 ਰੁਪਏ ਮਿੰਟ ਸੀ ਅਤੇ ਬਾਹਰੋਂ ਆਉਣ ਵਾਲੀ ਕਾਲ ਸੁਣਨ ਦਾ ਵੀ। ਉਦੋਂ ਤੱਕ ਕਾਲਰ ਲਾਈਨ ਆਈਡੈਂਟੀਫਿਕੇਸ਼ਨ, ਭਾਵ ਸਾਹਮਣੇ ਵਾਲੇ ਦਾ ਨੰਬਰ ਦੇਖਣ ਦੀ ਸਹੂਲਤ ਨਹੀਂ ਆਈ ਸੀ ਤੇ ਇਹ ਪਤਾ ਕਰਨ ਦਾ ਰਾਹ ਵੀ ਨਹੀਂ ਸੀ ਕਿ ਕਿਹੜਾ ਫੋਨ ਚੁੱਕਣਾ ਹੈ ਤੇ ਕਿਹੜਾ ਨਹੀਂ ਅਤੇ ਉਥੇ ਵੀ ਉਹੀ ਫਾਰਮੂਲਾ ਚੱਲਦਾ ਸੀ, ਘੱਟ ਤੋਂ ਘੱਟ ਗੱਲ ਕਰੋ। ਸਰਕਾਰੀ ਟੈਲੀਫੋਨ 'ਤੇ ਇੱਕ ਰੋਣਾ ਹੋਰ ਸੀ। 100 ਯੂਨਿਟ ਤੱਕ ਕਾਲ ਸਸਤੀ ਹੁੰਦੀ ਸੀ, 100 ਤੋਂ 500 ਤੱਕ ਰੇਟ ਵਧ ਜਾਂਦਾ ਸੀ ਤੇ 500 ਦੇ ਉਪਰ ਤਾਂ ਬਹੁਤ ਜ਼ਿਆਦਾ ਹੋ ਜਾਂਦਾ ਸੀ। ਚੁਣੌਤੀ ਇਹੀ ਰਹਿੰਦੀ ਸੀ ਕਿ ਗੱਲ ਘੱਟ ਤੋਂ ਘੱਟ ਕਰੋ। ਜਿਨ੍ਹਾਂ ਘਰਾਂ ਵਿੱਚ ਟੈਲੀਫੋਨ ਹੁੰਦੇ ਸਨ, ਉਥੇ ਉਨ੍ਹਾਂ ਦੀ ਵਰਤੋਂ ਸ਼ੋਭਾ ਵਧਾਉਣ ਲਈ ਹੀ ਜ਼ਿਆਦਾ ਹੁੰਦੀ ਸੀ।

ਇਹ ਤਸਵੀਰ ਬਦਲਣੀ ਸੀ ਅਤੇ ਬਹੁਤ ਜ਼ੋਰ-ਸ਼ੋਰ ਨਾਲ ਬਦਲਣੀ ਸੀ। ਇਸ ਦਾ ਪਹਿਲਾ ਸੰਕੇਤ 1997 ਵਿੱਚ ਮਿਲਿਆ। ਭਾਰਤੀ ਏਅਰਟੈਲ ਨੂੰ ਮੱਧ ਪ੍ਰਦੇਸ਼ ਵਿੱਚ ਬੇਸ਼ਿਕ ਟੈਲੀਫੋਨ, ਲੈਂਡਲਾਈਨ ਟੈਲੀਫੋਨ ਦਾ ਲਾਇਸੈਂਸ ਮਿਲਿਆ। ਉਸ ਦੀ ਸ਼ੁਰੂਆਤ ਇੰਦੌਰ ਵਿੱਚ ਹੋਈ। ਸੁਨੀਲ ਭਾਰਤੀ ਮਿੱਤਲ ਨੇ ਸਾਨੂੰ ਸਮਝਾਇਆ ਕਿ ਦੁਨੀਆ ਕਿਵੇਂ ਬਦਲੇਗੀ? ਤੁਸੀਂ ਕਿਸੇ ਦੁਕਾਨ ਤੋਂ ਸਾਮਾਨ ਖਰੀਦਦੇ ਹੋ ਤਾਂ ਘੱਟ ਖਰੀਦਣ 'ਤੇ ਮਹਿੰਗਾ ਮਿਲਦਾ ਹੈ, ਵੱਧ ਖਰੀਦੋ ਤਾਂ ਕੁਝ ਰਿਆਇਤ ਮਿਲਦੀ ਹੈ ਤੇ ਹੋਰ ਜ਼ਿਆਦਾ ਖਰੀਦੋਗੇ ਤਾਂ ਹੋਰ ਰਿਆਇਤ। ਬੱਸ, ਇਹੀ ਮੇਰੇ ਬਿਜ਼ਨਸ ਵਿੱਚ ਸਮਝੋ। ਅਸੀਂ ਇੰਨਾ ਵੱਡਾ ਇਨਫਰਾਸਟ੍ਰਕਚਰ ਲਾਇਆ ਹੈ, ਐਕਸਚੇਂਜ ਲਾਈ, ਲਾਈਨਾਂ ਖਿੱਚੀਆਂ। ਜੇ ਲੋਕ ਇਸ ਦੀ ਖੁੱਲ੍ਹ ਕੇ ਵਰਤੋਂ ਕਰਨਗੇ ਤਾਂ ਸਾਨੂੰ ਕਮਾਈ ਹੋਊ ਤੇ ਅਸੀਂ ਹੋਰ ਪ੍ਰਬੰਧ ਕਰਾਂਗੇ। ਜੇ ਕੋਈ ਵਰਤੋਂ ਨਾ ਕਰੇ ਤਾਂ ਅਸੀਂ ਕਮਾਵਾਂਗੇ ਕੀ, ਇਸ ਲਈ ਸਾਡੇ ਰੇਟ ਆਉਣ ਦਿਓ, ਉਦੋਂ ਪਤਾ ਲੱਗੇਗਾ ਕਿ ਦੁਨੀਆ ਕਿਵੇਂ ਬਦਲੇਗੀ। ਜੋ ਜਿੰਨੀ ਗੱਲ ਕਰੇਗਾ, ਓਨੇ ਘੱਟ ਪੈਸੇ ਦੇਵੇਗਾ।

ਇਸੇ ਗੱਲ ਦਾ ਦੂਜਾ ਸਿਰਾ ਮੈਨੂੰ ਸਮਝਾਇਆ ਦਿੱਲੀ ਵਿੱਚ ਐੱਮ ਟੀ ਐੱਨ ਐੱਲ ਦੇ ਸੀ ਐੱਮ ਡੀ, ਐੱਸ ਰਾਜਗੋਪਾਲਨ ਨੇ। ਇਹ ਉਦੋਂ ਦੀ ਗੱਲ ਹੈ, ਜਦੋਂ ਐੱਮ ਟੀ ਐੱਨ ਐੱਲ, ਦਿੱਲੀ ਵਿੱਚ ਮੋਬਾਈਲ ਸਰਵਿਸ ਸ਼ੁਰੂ ਕਰ ਰਿਹਾ ਸੀ, ਉਦੋਂ ਤੱਕ ਮੋਬਾਈਲ ਫੋਨ ਵੱਡੇ ਲੋਕਾਂ ਦੇ ਹੱਥ ਹੁੰਦਾ ਸੀ ਅਤੇ ਆਮ ਤੌਰ 'ਤੇ ਸਟੇਟਸ ਸਿੰਬਲ ਹੀ ਮੰਨਿਆ ਜਾਂਦਾ ਸੀ। ਮੇਰਾ ਸਵਾਲ ਸੀ ਕਿ ਏਅਰਟੈਲ ਅਤੇ ਐਸ ਆਰ ਵਰਗੇ ਵੱਡੇ ਖਿਡਾਰੀ ਬਾਜ਼ਾਰ ਵਿੱਚ ਹਨ। ਐਮ ਟੀ ਐਨ ਐਲ ਕੀ ਖਾਸ ਦੇਵੇਗਾ, ਜੋ ਇਨ੍ਹਾਂ ਤੋਂ ਵੱਖਰਾ ਹੋਵੇਗਾ? ਰਾਜ-ਗੋਪਾਲਨ ਨੇ ਕਿਹਾ, 'ਤੁਹਾਨੂੰ ਕੀ ਜਾਪਦਾ ਹੈ, ਮੋਬਾਈਲ ਫੋਨ ਦੀ ਸਭ ਤੋਂ ਵੱਧ ਲੋੜ ਕਿਸ ਨੂੰ ਹੈ? ਮੇਰੇ ਵਰਗੇ ਆਦਮੀ ਨੂੰ, ਜਿਸ ਦੇ ਘਰ ਵਿੱਚ ਫੋਨ ਹੈ, ਫੋਨ ਅਟੈਂਡ ਕਰ ਕੇ ਮੈਸਿਜ ਨੋਟ ਕਰਨ ਵਾਲਾ ਅਸਿਸਟੈਂਟ ਹੈ। ਕਾਰ ਰਾਹੀਂ ਮੈਂ ਦਫਤਰ ਜਾਂਦਾ ਹਾਂ ਤੇ ਉਥੇ ਵੀ ਪੂਰਾ ਪ੍ਰਬੰਧ ਹੈ ਕਿ ਜੋ ਵੀ ਮੇਰੇ ਨਾਲ ਗੱਲ ਕਰਨੀ ਚਾਹੁੰਦਾ ਹੈ, ਉਸ ਦੀ ਖਬਰ ਰਜਿਸਟਰ 'ਤੇ ਨੋਟ ਹੁੰਦੀ ਹੈ। ਘਰ ਤੋਂ ਦਫਤਰ ਵਿਚ ਜੋ ਸਮਾਂ ਲੱਗੇ, ਉਹੀ ਬਚੇਗਾ।'' ਉਸ ਆਦਮੀ ਦੀ ਸੋਚੋ, ਜੋ ਪਲੰਬਰ ਹੈ, ਇਲੈਕਟ੍ਰੀਸ਼ੀਅਨ ਹੈ ਜਾਂ ਤਰਖਾਣ ਹੈ, ਸਾਰਾ ਦਿਨ ਘੁੰਮ-ਘੁੰਮ ਕੇ ਕੰਮ ਕਰਦਾ ਹੈ ਅਤੇ ਸਿਰਫ ਰਾਤ ਨੂੰ ਘਰ ਪਹੁੰਚਦਾ ਹੈ। ਜੇ ਉਸ ਦਾ ਕੋਈ ਗਾਹਕ ਉਸ ਨੂੰ ਸੰਦੇਸ਼ ਦੇਣ ਜਾਣਾ ਚਾਹੇ ਤਾਂ ਕੋਈ ਰਾਹ ਨਹੀਂ ਹੈ। ਘਰ ਦੇ ਕੋਲ ਕੋਈ ਪਬਲਿਕ ਫੋਨ ਹੈ, ਜਿੱਥੇ ਉਸ ਨੂੰ ਸੰਦੇਸ਼ ਪਹੁੰਚ ਸਕਦਾ ਹੈ, ਪਰ ਇਸ ਵਿੱਚ ਲਗਭਗ ਪੂਰਾ ਦਿਨ ਲੱਗ ਹੀ ਜਾਵੇਗਾ। ਇਸ ਫੋਨ ਦੀ ਸਭ ਤੋਂ ਵੱਧ ਲੋੜ ਤਾਂ ਉਸੇ ਆਦਮੀ ਨੂੰ ਹੈ ਅਤੇ ਇਹੀ ਸਾਡਾ ਕੰਮ ਹੈ ਕਿ ਅਸੀਂ ਅਜਿਹੇ ਹਰ ਆਦਮੀ ਦੇ ਹੱਥ ਵਿੱਚ ਮੋਬਾਈਲ ਫੋਨ ਪਹੁੰਚਾ ਦੇਈਏ।

ਉਦੋਂ ਇਹ ਗੱਲ ਕੁਝ ਉਚੀ ਉਡਾਣ ਵਰਗੀ ਲੱਗਦੀ ਸੀ, ਪਰ 22 ਸਾਲਾਂ ਬਾਅਦ ਅੱਜ ਜਦੋਂ ਯਾਦ ਕਰਦਾ ਹਾਂ ਤਾਂ ਜਾਪਦਾ ਹੈ ਕਿ ਉਹ ਭਵਿੱਖ ਦੇਖ ਰਹੇ ਸਨ। ਭਵਿੱਖ, ਜੋ ਸਾਨੂੰ ਨਹੀਂ ਦਿਸ ਰਿਹਾ ਸੀ। ਮੁਫਤ ਦੇ ਡਾਟਾ ਦਾ ਪ੍ਰਤਾਪ ਹੈ ਕਿ ਸਵੇਰ ਹੋਣ ਤੋਂ ਪਹਿਲਾਂ ਅਤੇ ਰਾਤ ਹੋਣ ਤੋਂ ਬਾਅਦ ਤੱਕ ਤੁਹਾਡੇ ਮੋਬਾਈਲ 'ਤੇ ਤਰ੍ਹਾਂ-ਤਰ੍ਹਾਂ ਦੇ ਸੰਦੇਸ਼ ਅਤੇ ਉਨ੍ਹਾਂ ਦੇ ਨਾਲ ਵੀਡੀਓ, ਆਡੀਓ, ਮੀਮ ਅਤੇ ਇਨਟ੍ਰੈਕਟਿਵ ਗ੍ਰਾਫਿਕਸ ਦੀ ਨਿਰੰਤਰ ਧਾਰਾ ਚਲਦੀ ਰਹਿੰਦੀ ਹੈ। ਇਨਸਾਨ ਸੋਚਦਾ ਵੀ ਨਹੀਂ ਕਿ ਉਸ ਨੂੰ ਕੀ ਮਿਲਿਆ ਹੈ ਅਤੇ ਉਸ ਨੇ ਕੀ ਅਗੇ ਵਧਾਉਣਾ ਹੈ? ਨਿਰਸੁਆਰਥ ਭਾਵ ਨਾਲ ਬਟਨ ਦਬਾਉਂਦਾ ਰਹਿੰਦਾ ਹੈ ਤੇ ਇਨਬਾਕਸ ਵਿੱਚ ਆਉਣ ਵਾਲੀ ਸਾਰੀ ਸਮੱਗਰੀ ਆਪਣੇ ਸਾਰੇ ਮਿੱਤਰਾਂ ਤੇ ਸਾਰੇ ਗਰੁੱਪਾਂ ਤੱਕ ਪ੍ਰਸਤਾਵਿਤ ਕਰਦਾ ਰਹਿੰਦਾ ਹੈ, ਭਾਵ ਸਿਰਫ ਕਰਮ ਕਰਨਾ ਅਤੇ ਫਲ ਦੀ ਚਿੰਤਾ ਕੀਤੇ ਬਿਨਾਂ।

# ਕਹਾਣੀ- ਧਰਤੀ ਮਾਂ ਹੁੰਦੀ ਹੈ

-ਸੁਖਚੈਨ ਸਿੰਘ ਭੰਡਾਰੀ

ਨਾਂ ਤਾਂ ਉਸ ਦਾ ਗੁਰਜੰਟ ਸਿੰਘ ਸੀ, ਪਰ ਨਿੱਕੇ ਹੁੰਦਿਆਂ ਤੋਂ ਉਸ ਨੂੰ ਘਰ ਤੇ ਪਿੰਡ ਵਾਲੇ ਜੰਟਾ ਕਹਿ ਕੇ ਹੀ ਬੁਲਾਉਂਦੇ ਸਨ। ਜਦੋਂ ਉਹ ਸ਼ਾਮ ਨੂੰ ਖੇਤਾਂ ਤੋਂ ਮੁੜ ਕੇ ਘਰ ਆਉਂਦਾ ਤੇ ਰੋਟੀ ਟੁੱਕ ਖਾ ਕੇ ਪਿੰਡ ਦੀ ਕਿਸੇ ਹੱਟੀ ਦੇ ਥੜ੍ਹੇ ਉਤੇ ਗੱਲਾਂ ਮਾਰਨ ਲਈ ਆ ਬਹਿੰਦਾ ਤਾਂ ਕੁਝ ਹੋਰ ਪਿੰਡ ਵਾਸੀ ਵੀ ਉਸ ਨਾਲ ਆ ਜੁੜਦੇ। ਗੁਰਜੰਟ ਬੜੇ ਅੰਦਾਜ਼ ਨਾਲ ਏਧਰ ਓਧਰ ਦੀਆਂ ਬਾਤਾਂ ਛੱਡ ਦਿੰਦਾ ਤੇ ਉਸ ਕੋਲ ਬੈਠੇ ਹਰ ਉਮਰ ਦੇ ਬੰਦੇ ਬੜੇ ਰਸ ਲੈ-ਲੈ ਗੱਲਾਂ ਸੁਣਦੇ।

ਗੁਰਜੰਟ ਸਿੰਘ ਦਾ ਪਰਵਾਰ ਦੇਸ਼ ਵੰਡ ਸਮੇਂ ਜ਼ਿਲਾ ਮਿੰਟਗੁਮਰੀ ਦੇ ਪਿੰਡ ਸੈਦੇਵਾਲ ਤੋਂ ਉਜੜ ਕੇ ਹਰਿਆਣਾ ਦੇ ਜ਼ਿਲਾ ਹਿਸਾਰ ਦੇ ਪਿੰਡ ਰਾਮਬਾਸ ਵਿਚ ਆ ਵਸਿਆ ਸੀ। ਉਸ ਵੇਲੇ ਇਹ ਜ਼ਿਲਾ ਪੰਜਾਬ ਦਾ ਹੀ ਅੰਗ ਸੀ, ਪਰ ਬਾਅਦ ਵਿੱਚ ਪੰਜਾਬ ਦੀ ਵੰਡ ਸਮੇਂ ਇਹ ਹਰਿਆਣਾ ਸੂਬੇ ਦਾ ਹਿੱਸਾ ਬਣਿਆ। ਉਸ ਦੇ ਦੂਰ ਦੇ ਰਿਸ਼ਤੇ ਦੇ ਮਾਮਾ ਕਸ਼ਮੀਰ ਸਿੰਘ ਦੇ ਕਹਿਣ 'ਤੇ ਗੁਰਜੰਟ ਸਿੰਘ ਦਾ ਪਰਵਾਰ ਵੀ ਹਿਸਾਰ ਆਇਆ। ਫਿਰ ਸਰਕਾਰ ਨੂੰ ਦਰਖਾਸਤ ਦੇ ਕੇ ਪਾਕਿਸਤਾਨ ਰਹਿ ਗਈ ਆਪਣੀ ਜ਼ਮੀਨ ਦਾ ਕਲੇਮ ਪਾਸ ਕਰਵਾ ਕੇ ਉਸ ਨੂੰ ਨਾਲ ਦੇ ਪਿੰਡ ਰਾਮਬਾਸ ਵਿੱਚ ਅਬਾਦ ਕਰਾ ਲਿਆ। ਇਸ ਪਿੰਡ ਵਿੱਚ ਬਹੁਤੀ ਵਸੋਂ ਪਹਿਲਾਂ ਤੋਂ ਰਹਿ ਰਹੇ ਬਾਗੜੀ ਲੋਕਾਂ ਦੀ ਹੀ ਸੀ, ਪਰ ਨਾਲ ਕਈ ਘਰ ਝਿਊਰਾਂ, ਘੁਮਿਆਰਾਂ ਤੇ ਪੰਜਾਬੀਆਂ ਦੇ ਵੀ ਸਨ। ਬਾਗੜੀਆਂ ਵਿੱਚ ਜਾਟਾਂ ਦੀ ਵਸੋਂ ਕਿਧਰੇ ਜ਼ਿਆਦਾ ਸੀ।

ਦੇਸ਼ ਵੰਡ ਸਮੇਂ ਗੁਰਜੰਟ ਸਿੰਘ ਮਸਾਂ ਤਿੰਨ ਚਾਰ ਵਰ੍ਹਿਆਂ ਦਾ ਸੀ। ਉਸ ਦੇ ਮਾਪੇ ਵਰਿਆਮ ਸਿੰਘ ਤੇ ਭਾਗਵੰਤੀ ਉਸ ਨੂੰ ਨਾਲ ਲੈ ਕੇ ਕਾਫਲੇ ਵਿੱਚ ਪਾਕਿਸਤਾਨ ਤੋਂ ਫਿਰੋਜ਼ਪੁਰ ਛਾਉਣੀ ਪੁੱਜੇ। ਉਥੇ ਕੁਝ ਦਿਨ ਕੈਂਪ ਵਿੱਚ ਗੁਜ਼ਾਰ ਕੇ ਉਹ ਹਿਸਾਰ ਆ ਗਏ। ਗੁਰਜੰਟ ਸਿੰਘ ਨੂੰ ਯਾਦ ਹੈ ਕਿ ਉਸ ਦੀ ਮਾਂ ਤੇ ਬਾਪੂ ਨਵੇਂ ਪਿੰਡ ਰਾਮਬਾਸ ਵਿੱਚ ਵਸਣ ਪਿੱਛੋਂ ਵੀ ਕਈ ਦਿਨ ਰੋਂਦੇ ਰਹੇ ਸਨ। ਬਾਪੂ ਕਈ ਵਾਰ ਉਸ ਦੀ ਮਾਂ ਨੂੰ ਹਾਉਕਾ ਭਰ ਕੇ ਕਹਿ ਉਠਦਾ, 'ਜੰਟੇ ਦੀ ਮਾਂ! ਇਸ ਮਿੱਟੀ ਵਿੱਚ ਮਨ ਨਹੀਂ ਲੱਗਦਾ। ਇੰਜ ਜਾਪਦਾ ਹੈ ਕਿ ਜਿਵੇਂ ਇਹ ਮੇਰੀ ਮਤਰੇਈ ਮਾਂ ਹੋਵੇ। ਸਾਡੀ ਅਸਲ ਮਾਂ ਤਾਂ ਪਾਕਿਸਤਾਨ ਵਿੱਚ ਰਹਿ ਗਈ। ਮੈਂ ਕਿਵੇਂ ਉਸ ਕੋਲ ਜਾਵਾਂ, ਜੰਟੇ ਦੀ ਮਾਂ।' ...ਤੇ ਗੁਰਜੰਟ ਦੀ ਮਾਂ ਆਪ ਵੀ ਸਿਰ 'ਤੇ ਲਏ ਲੀੜੇ ਦੇ ਪੱਲੇ ਨਾਲ ਆਪਣੀਆਂ ਭਰ ਆਈਆਂ ਅੱਖਾਂ ਪੂੰਝਣ ਲੱਗ ਪੈਂਦੀ। ਗੁਰਜੰਟ ਦੂਰ ਖਲੋਤਾ ਬਿਟਰ-ਬਿਟਰ ਮਾਂ ਪਿਓ ਦੀਆਂ ਉਦਾਸ ਅੱਖਾਂ ਵੱਲ ਝਾਕਦਾ ਰਹਿੰਦਾ, ਪਰ ਉਸ ਨੂੰ ਇਸ ਗੱਲ ਦੀ ਸਮਝ ਨਹੀਂ ਸੀ ਆਉਂਦੀ ਕਿ ਮਿੱਟੀ ਮਤਰੇਈ ਕਿਵੇਂ ਹੁੰਦੀ ਹੈ। ਵਕਤ ਲੰਘਦਾ ਗਿਆ। ਹੁਣ ਗੁਰਜੰਟ ਮੁੱਛਫੁੱਟ ਹੋ ਗਿਆ ਸੀ। ਪਿੰਡ ਵਿੱਚ ਚੌਥੀ ਤੱਕ ਦਾ ਹੀ ਸਕੂਲ ਸੀ। ਉਸ ਦੇ ਬਾਪੂ ਵਰਿਆਮ ਸਿੰਘ ਨੇ ਉਸ ਨੂੰ ਚਾਰ ਜਮਾਤਾਂ ਤੱਕ ਹੀ ਪੜ੍ਹਾਇਆ। ਅੱਗੇ ਪੜ੍ਹਨ ਲਈ ਉਸ ਨੇ ਗੁਰਜੰਟ ਨੂੰ ਸ਼ਹਿਰ ਨਾ ਭੇਜਿਆ। ਉਹ ਚਾਹੁੰਦਾ ਸੀ ਕਿ ਗੁਰਜੰਟ ਵਾਹੀ ਦਾ ਕੰਮ ਸੰਭਾਲੇ ਤੇ ਗੁਰਜੰਟ ਸਿੰਘ ਨੇ ਆਪਣੇ ਪਿਓ ਦੀ ਗੱਲ ਦਾ ਪੂਰਾ ਮਾਣ ਰੱਖਦਿਆਂ ਵਾਹੀ ਦੇ ਕੰਮ ਨੂੰ ਦਿਲੋਂ ਕਬੂਲ ਲਿਆ। ਉਹ ਖੇਤਾਂ ਵਿੱਚ ਹਲ ਵਾਹੁਣ ਦੇ ਨਾਲ-ਨਾਲ ਆਪਣੇ ਮਾਲ ਡੰਗਰ ਨੂੰ ਜੀਅ ਜਾਨ ਤੋਂ ਵੱਧ ਪਿਆਰਦਾ। ਉਸ ਦੇ ਬਾਪੂ ਨੇ ਇਕ ਦੋ ਸੀਰੀ ਵੀ ਰੱਖੇ ਹੋਏ ਸਨ, ਪਰ ਤਾਂ ਵੀ ਗੁਰਜੰਟ ਨੂੰ ਆਪਣੇ ਹੱਥੀਂ ਕੰਮ ਕਰਕੇ ਬੜਾ ਸੁਆਦ ਆਉਂਦਾ।

ਗੁਰਜੰਟ ਸਿੰਘ ਨੂੰ ਜਵਾਨ ਹੋਇਆ ਦੇਖ ਕੇ ਜਿਥੇ ਪਿੰਡ ਦੇ ਹੋਰ ਮੁੰਡੇ ਰਸ਼ਕ ਕਰਦੇ, ਉਥੇ ਕਈ ਮੁਟਿਆਰਾਂ ਚੁੱਪ ਚੁਪੀਤੇ ਆਪਣੇ ਦਿਲਾਂ ਵਿੱਚ ਉਸ ਦੀ ਥਾਂ ਵੀ ਬਣਾ ਬੈਠੀਆਂ। ਉਸੇ ਪਿੰਡ ਦੀ ਇਕ ਹਰਿਆਣਵੀ ਕੁੜੀ ਸੰਤੋ ਨੇ ਖੇਤਾਂ ਨੂੰ ਜਾਂਦਿਆਂ ਉਸ ਦਾ ਰਾਹ ਵੀ ਡੱਕ ਲਿਆ ਤੇ ਮਟਕ ਕੇ ਕਿਹਾ ਸੀ, 'ਕਿਉਂ ਰੈ ਜੰਟੇ, ਤੇਰਾ ਮਨ ਸੈ ਕੇ ਪੱਥਰ। ਅਰੇ ਕਦੀ ਤੋ ਦੋ ਬੋਲ ਮਾਹਰੇ ਸੰਗ ਬੀ ਟੂਕ ਦੇ ਜ਼ਾਲਿਮ। ਜਦ ਦੇਖੋ ਊਠ ਕੀ ਢਾਲ ਭਾਗਾ ਈ ਜਾਵੇ।' ਤੇ ਗੁਰਜੰਟ ਹੱਸ ਕੇ ਕੋਲੋਂ ਦੀ ਲੰਘ ਗਿਆ। ਵਿਚਾਰੀ ਸੰਤੋ ਦਿਲ ਮਸੋਸ ਕੇ ਰਹਿ ਗਈ।

ਗੁਰਜੰਟ ਸਿੰਘ ਦੀ ਜਵਾਨ ਉਮਰ ਦੇਖ ਕੇ ਉਸ ਦੇ ਬਾਪੂ ਵਰਿਆਮ ਸਿੰਘ ਨੇ ਉਸ ਦੇ ਮੁਕਤਸਰ ਨੇੜਲੇ ਪਿੰਡ ਸ਼ਾਮੇਕੇ ਦੇ ਚੰਗੇ ਰੱਜੇ ਪੁੱਜੇ ਜ਼ਿਮੀਂਦਾਰ ਕਰਨੈਲ ਸਿੰਘ ਦੀ ਕੁੜੀ ਨਾਮ੍ਹੋ ਨਾਲ ਵਿਆਹ ਕਰ ਦਿੱਤਾ। ਨਾਮ੍ਹੋ ਵੀ ਗੁਰਜੰਟ ਵਾਂਗ ਲੰਮ ਸਲੰਮੀ ਤੇ ਹੱਦੋਂ ਸੋਹਣੀ ਸੀ। ਜੰਟਾ ਜਿਵੇਂ ਨਾਮ੍ਹੋ ਦੇ ਹੁਸਨ ਦਾ ਭਾਰ ਝੱਲ ਨਾ ਸਕੇ। ਉਸ ਨੂੰ ਆਪਣਾ ਆਪਾ ਜਿਵੇਂ ਹੋਰ ਵੀ ਵਧੀਆ ਜਾਪਣ ਲੱਗ ਪਿਆ। ਉਹ ਨਾਮ੍ਹੋ ਨੂੰ ਨਾਲ ਲੈ ਕੇ ਪਿੰਡ ਦੀਆਂ ਗਲੀਆਂ ਵਿੱਚੋਂ ਲੰਘਦਾ ਹੋਇਆ ਖੇਤਾਂ ਨੂੰ ਜਾਂਦਾ ਤਾਂ ਰਾਹ ਵਿੱਚ ਉਸ ਨਾਲ ਸਾੜਾ ਕਰਦੇ ਗੱਭਰੂ ਤੇ ਉਸ ਨੂੰ ਮਨ ਹੀ ਮਨ ਪਿਆਰ ਕਰਨ ਵਾਲੀਆਂ ਮੁਟਿਆਰਾਂ ਦੋਵਾਂ ਨੂੰ ਦੇਖ ਕੇ ਠੰਢੇ ਹਉਕੇ ਭਰਨ ਲੱਗ ਪੈਂਦੀਆਂ। ਸੰਤੋ ਨੇ ਆਖ ਹੀ ਦਿੱਤਾ, 'ਹੂ ਈਬ ਬੇਰਾ ਲਾਗਿਆ ਕੇ ਤੈਂ ਮਾਨ੍ਹੇਂ ਕਿਉਂ ਨਾਹੀਂ ਬੂਝੇ ਥਾ। ਯਾ ਪਰੀ ਜੋ ਪਟਾ ਰਾਖੀ ਥੀ।'

ਨਾਮ੍ਹੋ ਤਾਂ ਸੰਤੋ ਦੀ ਗੱਲ ਨਾ ਸਮਝ ਸਕੀ, ਪਰ ਗੁਰਜੰਟ ਸਿੰਘ ਪਹਿਲਾਂ ਦੀ ਤਰ੍ਹਾਂ ਜ਼ੋਰ ਦੀ ਹੱਸਿਆ ਤੇ ਮਜ਼ਾਕ ਨਾਲ ਕਹਿਣ ਲੱਗਿਆ, 'ਤੈਂ ਠੀਕ ਕਹਵੈ ਸੈ ਸੰਤੀ। ਇਸ ਪਰੀ ਖਾਤਰ ਮੈ ਤਰਸੂੰ ਥਾ।' ਇਸ 'ਤੇ ਸੰਤੋ ਨੇ ਆਪਣੀਆਂ ਕਜਲੇ ਪਈਆਂ ਮੋਟੀਆਂ-ਮੋਟੀਆਂ ਅੱਖਾਂ ਨੂੰ ਨਚਾਉਂਦਿਆਂ ਕਿਹਾ, 'ਅਰੇ ਦੇਖੀਏ, ਕਦੀ ਇਸ ਪਰੀ ਕੇ ਪ੍ਰੇਮ ਮੈ ਇੱਤੋ ਹੀ ਨਾ ਡੂਬ ਜਾਈਏ ਕਿ ਮਾਰ੍ਹੇ ਜੀਸੀ ਗਾਂਵ ਆਲੀਆਂ ਨੇ ਬਿਲਕੁਲ ਈ ਭੂਲ ਜਏ?' ਇਹ ਸੁਣ ਕੇ ਗੁਰਜੰਟ ਹੋਰ ਵੀ ਜ਼ੋਰ ਦੀ ਹੱਸਿਆ ਤੇ ਨਾਮ੍ਹੋ ਦਾ ਹੱਥ ਫੜ ਕੇ ਤੇਜ਼ੀ ਨਾਲ ਅੱਗੇ ਵਧ ਗਿਆ।

ਗੁਰਜੰਟ ਦੇ ਵਿਆਹ ਤੋਂ ਕੋਈ ਦੋ ਸਾਲਾਂ ਪਿੱਛੋਂ ਉਨ੍ਹਾਂ ਦੇ ਘਰ ਲੜਕਾ ਹੋਇਆ। ਨਾਂ ਨਾਮ੍ਹੋ ਨੇ ਸ਼ੇਰਾ ਰੱਖਿਆ। ਸਾਰਾ ਘਰ ਖੁਸ਼ੀਆਂ ਨਾਲ ਭਰ ਗਿਆ। ਪਿੰਡ ਵਾਲਿਆਂ ਨੂੰ ਲੱਡੂ ਵੰਡੇ ਗਏ ਤੇ ਜਵਾਬ ਵਿੱਚ ਬੇਸ਼ੁਮਾਰ ਵਧਾਈਆਂ ਵੀ ਮਿਲੀਆਂ। ਉਨ੍ਹਾਂ ਦੀ ਖੁਸ਼ੀ ਵਿੱਚ ਪਿੰਡ ਦਾ ਹਰ ਵਰਗ ਸ਼ਾਮਲ ਸੀ। ਸਰਪੰਚ ਹਰੀ ਸਿੰਘ ਨੇ ਗੁਰਜੰਟ ਨੂੰ ਗਲ ਲਾਉਂਦਿਆਂ ਕਿਹਾ ਸੀ, 'ਅਰੇ ਜੰਟ ਸਿੰਘ! ਯਾਰ ਛੋਰਾ ਤੋਂ ਤੇਰੀ ਢਾਲ ਕਾ ਹੀ ਦੀਖੇ। ਭਗਵਾਨ ਈਸ ਕੀ ਉਮਰ ਖੂਬ ਲੰਬੀ ਕਰੇ।' ਤੇ ਗੁਰਜੰਟ ਨੇ ਝੁਕ ਕੇ ਸਰਪੰਚ ਹਰੀ ਸਿੰਘ ਦੇ ਪੈਰਾਂ ਨੂੰ ਹੱਥ ਲਾਇਆ ਸੀ।

ਗੁਰਜੰਟ ਸਿੰਘ ਹੁਣ ਆਪਣੀਆਂ ਪੈਲੀਆਂ ਦੀ ਪਹਿਲਾਂ ਨਾਲੋਂ ਵੀ ਜ਼ਿਆਦਾ ਦੇਖਭਾਲ ਕਰਨ ਲੱਗਿਆ। ਉਸ ਦਾ ਬਾਪੂ ਵਰਿਆਮ ਸਿੰਘ ਬਿਰਧ ਹੋ ਜਾਣ ਕਰਕੇ ਖੇਤਾਂ ਵੱਲ ਹੁਣ ਘੱਟ ਹੀ ਜਾਂਦਾ ਸੀ। ਉਂਜ ਉਹ ਆਪਣੇ ਪੁੱਤਰ ਜੰਟੇ ਦੇ ਮਿਹਨਤੀ ਸੁਭਾਅ ਤੋਂ ਪੂਰੀ ਤਰ੍ਹਾਂ ਵਾਕਿਫ ਸੀ। ਇਸ ਲਈ ਉਸ ਨੂੰ ਕੋਈ ਚਿੰਤਾ ਨਹੀਂ ਸੀ। ਉਹ ਘਰ ਰਹਿ ਕੇ ਆਪਣੇ ਪੋਤੇ ਸ਼ੇਰੇ ਨੂੰ ਖਿਡਾਉਂਦਾ ਰਹਿੰਦਾ ਜਾਂ ਮਾਲ ਡੰਗਰ ਦੇ ਚਾਰੇ ਆਦਿ ਵੱਲ ਝਾਤੀ ਮਾਰ ਲੈਂਦਾ।

..ਕੁਝ ਹੋਰ ਵਕਤ ਲੰਘ ਗਿਆ। ਸਾਲ 1987 ਦਾ ਇਕ ਦਿਨ। ਪਿੰਡ ਦੇ ਗੁਰਦੁ-ਆਰੇ ਮੱਥਾ ਟੇਕ ਕੇ ਨਾਮ੍ਹੋ ਘਰ ਮੁੜੀ ਸੀ ਕਿ ਗੁਰਜੰਟ ਸਿੰਘ ਨੇ ਮਰੀ ਜਿਹੀ ਆਵਾਜ਼ ਵਿੱਚ ਦੱਸਿਆ, 'ਨਾਮ੍ਹੋ! ਲੱਗਦੈ ਸਾਡੇ ਲਈ ਇਕ ਵਾਰੀ ਪਾਕਿਸਤਾਨ ਵਰਗੀ ਵੰਡ ਮੁੜ ਹੋਣ ਵਾਲੀ ਹੈ।' ਅਚਾਨਕ ਇਸ ਤਰ੍ਹਾਂ ਦੀ ਗੱਲ ਸੁਣ ਕੇ ਉਹ ਹੈਰਾਨ ਹੋ ਗਈ। ਉਸ ਨੇ ਗੁਰਦੁਆਰਿਓਂ ਮਿਲੇ ਪ੍ਰਸ਼ਾਦ ਨੂੰ ਗੁਰਜੰਟ ਦੇ ਹੱਥਾਂ ਵਿੱਚ ਰੱਖਦਿਆਂ ਪੁੱਛਿਆ, 'ਕੀ ਗੱਲ ਹੈ, ਸੁੱਖ ਤਾਂ ਹੈ?'

'ਹੁਣੇ-ਹੁਣੇ ਆਪਣੇ ਪਿੰਡ ਦਾ ਸਰਪੰਚ ਚੌਧਰੀ ਹਰੀ ਸਿੰਘ ਸ਼ਹਿਰੋਂ ਮੁੜਿਆ ਹੈ ਤੇ ਬਾਹਰ ਕਿਸੇ ਨੂੰ ਆਖ ਰਿਹਾ ਸੀ ਕਿ ਰਾਤੀਂ ਕੁਝ ਲੋਕਾਂ ਨੇ ਹਿਸਾਰ ਤੋਂ ਕੋਈ ਚਾਲੀ ਪੰਜਾਹ ਕਿਲੋਮੀਟਰ ਦੂਰ ਇਕ ਬੱਸ ਨੂੰ ਰੁਕਵਾ ਕੇ ਉਸ ਅੰਦਰ ਬੈਠੀਆਂ ਤੀਹ ਪੈਂਤੀ ਸਵਾਰੀਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਹੈ। ਬਹੁਤੀਆਂ ਸਵਾਰੀਆਂ ਨੇੜੇ ਤੇੜੇ ਦੇ ਇਲਾਕਿਆਂ ਦੀਆਂ ਸਨ ਤੇ ਇਸ ਤੋਂ ਭੜਕ ਕੇ ਕਈ ਗਲਤ ਅਨਸਰ, ਸਿੱਖਾਂ ਦੀਆਂ ਦੁਕਾਨਾਂ ਤੇ ਮਕਾਨਾਂ ਲੁੱਟ ਕੇ ਅੱਗਾਂ ਲਾ ਰਹੇ ਹਨ।' ਗੁਰਜੰਟ ਨੇ ਉਦਾਸ ਹੋ ਕੇ ਕੁਝ ਨੀਵੀ ਆਵਾਜ਼ ਵਿੱਚ ਸਾਰੀ ਗੱਲ ਦੱਸੀ।

'ਹਾਏ, ਮੈਂ ਮਰ ਗਈ। ਹੁਣ ਕੀ ਬਣੂ? ਜੰਟਿਆ, ਕਿਧਰੇ ਉਹ ਨਫਰਤ ਦੀ ਅੱਗ ਸਾਡੇ ਪਿੰਡਾਂ ਤੱਕ ਵੀ ਨਾ ਪਹੁੰਚ ਜਾਏ।' ਨਾਮ੍ਹੋ ਨੇ ਪ੍ਰੇਸ਼ਾਨ ਹੋ ਕੇ ਕਿਹਾ।

'ਵਾਹਿਗੁਰੂ ਹੀ ਜਾਣੇ ਨਾਮ੍ਹੋ। ਪਤਾ ਨਹੀਂ ਕੀ ਹੁੰਦਾ ਜਾ ਰਿਹੈ। ਹਰ ਕੋਈ ਮਰਨ ਮਾਰਨ 'ਤੇ ਤੁਲ ਗਿਐ। ਨਜ਼ਰ ਹੀ ਲੱਗ ਗਈ ਹੈ ਜਿਵੇਂ ਹੁਣ ਤਾਂ..।' ਗੁਰਜੰਟ ਨੇ ਹਉਕਾ ਭਰ ਕੇ ਜਵਾਬ ਦਿੱਤਾ।

ਉਹ ਅਜੇ ਗੱਲਾਂ ਕਰ ਹੀ ਰਹੇ ਸਨ ਕਿ ਗੁਰਜੰਟ ਸਿੰਘ ਦਾ ਬਾਪੂ ਹੱਥ ਵਿੱਚ ਖੂੰਡਾ ਫੜੀ ਆਪਣੀ ਪਤਨੀ ਭਾਗਵੰਤੀ ਨੂੰ ਨਾਲ ਲੈ ਕੇ ਉਨ੍ਹਾਂ ਦੋਵਾਂ ਕੋਲ ਆ ਖਲੋਤਾ। ਉਸ ਦੇ ਚਿਹਰੇ 'ਤੇ ਪ੍ਰੇਸ਼ਾਨੀ ਦੇ ਬੱਦਲ ਸਾਫ ਝਲਕ ਰਹੇ ਸਨ। ਉਸ ਨੇ ਹੌਲੀ ਜਿਹੀ ਗੁਰਜੰਟ ਸਿੰਘ ਨੂੰ ਆਖਿਆ, 'ਸੁਣਿਆ ਈ ਜੰਟਿਆ, ਸ਼ਹਿਰ ਵਿੱਚ ਅੱਗਾਂ ਲੱਗੀਆਂ ਹੋਈਆਂ ਨੇ। ਕਹਿੰਦੇ, ਰਾਤੀਂ ਅਣਪਛਾਤੇ ਲੋਕਾਂ ਨੇ ਮੋਟਰ ਦੇ ਮੁਸਾਫਰ ਮਾਰ ਦਿੱਤੇ। ਬਦਲਾ ਲੈਣ ਲਈ ਕੁਝ ਗਲਤ ਅਨਸਰ, ਸਿੱਖਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ। ਸਰਪੰਚ ਚੌਧਰੀ ਹੀਰਾ ਸਿਹੁੰ ਇਹ ਵੀ ਦੱਸਦਾ ਸੀ ਕਿ ਇਕ ਬਿਰਧ ਸਰਦਾਰ, ਜਿਸ ਦਾ ਸ਼ਹਿਰ ਦੇ ਵਿੱਚ ਬਾਗ ਸੀ ਤੇ ਉਥੇ ਹੀ ਆਪਣੀ ਪਤਨੀ ਨਾਲ ਰਹਿੰਦਾ ਸੀ, ਦੰਗਈਆਂ ਦਾ ਮੁਕਾਬਲਾ ਕਰਦਾ ਹੋਇਆ ਸ਼ਹੀਦ ਹੋ ਗਿਆ। ਉਸ ਨੇ ਆਪਣੇ ਪਿਸਤੌਲ ਨਾਲ ਇਕ ਲੁਟੇਰੇ ਨੂੰ ਮਾਰ ਵੀ ਦਿੱਤਾ ਸੀ।'

'ਵਾਹਿਗੁਰੂ ਭਲੀ ਕਰੇ ਬਾਪੂ। ਖਬਰੇ ਇਹਦਾ ਕੀ ਨਤੀਜਾ ਹੋਊ!' ਗੁਰਜੰਟ ਨੇ ਬਾਪੂ ਵੱਲ ਦੇਖਦਿਆਂ ਕਿਹਾ।

'ਪੁੱਤਰਾ, ਅੱਗੇ ਕੁਝ ਸਾਲ ਪਹਿਲਾਂ ਦਿੱਲੀ ਵਿੱਚ ਵੀ ਆਪਾਂ ਲੋਕਾਂ ਦਾ ਬਹੁਤ ਨੁਕਸਾਨ ਹੋਇਆ ਸੀ। ਇਉਂ ਕਹੋ ਕਿ ਪੁੱਠੇ ਲੋਕਾਂ ਹੱਥੋਂ ਸਾਡੀ ਪੱਤ ਹੀ ਲੁੱਟੀ ਗਈ ਸੀ ਤੇ ਅਜੇ ਉਹ ਫੱਟ ਭਰੇ ਵੀ ਨਹੀਂ ਸਨ ਕਿ ਉਤੋਂ ਆਹ ਇਕ ਹੋਰ ਹਮਲਾ। ਮੇਰਾ ਤਾਂ ਜੰਟਿਆ ਸੁਣ ਕੇ ਮਨ ਹਿੱਲ ਗਿਐ। ਕੌਣ ਜਾਣੇ ਸ਼ਹਿਰੀ ਗਰਮ 'ਵਾ ਸਾਡੇ ਪਿੰਡ ਵੱਲ ਮੁੜ ਪਵੇ। ਕਿਉਂ ਨਾ ਆਪਾਂ ਪੰਜਾਬ ਦੇ ਇਸ ਪਾਸੇ ਵੱਲ ਆਉਣ ਵਾਲੇ ਕਿਸੇ ਜ਼ਿਮੀਂਦਾਰ ਨਾਲ ਭੋਇੰ ਦਾ ਤਬਾਦਲਾ ਕਰਕੇ ਇਥੋਂ ਚੱਲੇ ਜਾਈਏ?' ਬਾਪੂ ਵਰਿਆਮ ਸਿੰਘ ਨੇ ਤੌਖਲੇ ਭਰੀ ਆਵਾਜ਼ ਵਿੱਚ ਗੁਰਜੰਟ ਤੋਂ ਪੁੱਛਿਆ। ਸੁਣ ਕੇ ਗੁਰ-ਜੰਟ ਇਕ ਪਲ ਲਈ ਹੈਰਾਨ ਹੋ ਗਿਆ ਤੇ ਇਕਦਮ ਮੁਸਕਰਾ ਕੇ ਕਹਿਣ ਲੱਗਿਆ, 'ਵਾਹ ਬਾਪੂ! ਤੂੰ ਤਾਂ ਦਿਲ ਛੱਡ ਗਿਐਂ। ਸਾਡੇ ਵਾਂਗ ਹੋਰ ਵੀ ਲੱਖਾਂ ਸਾਡੇ ਭਰਾ ਪੰਜਾਬੋਂ ਬਾਹਰ ਵਸਦੇ ਹਨ। ਕੀ ਸਾਰੇ ਹੀ ਤੇਰੇ ਵਾਂਗ ਸੋਚਦੇ ਹੋਣਗੇ?'

'ਉਹ ਤਾਂ ਪੁੱਤਰਾ ਠੀਕ ਏ, ਪਰ ਫਿਰ ਵੀ ਕਿਆਸ ਤਾਂ ਕਰਨਾ ਪੈਂਦਾ ਹੈ ਨਾ। ਮੈਨੂੰ ਯਾਦ ਹੈ ਜੰਟਿਆ, ਜਦੋਂ ਦੇਸ਼ ਦੀ ਵੰਡ ਹੋਈ ਸੀ। ਦੋਵਾਂ ਪਾਸੇ ਅੱਗ ਦੇ ਲਾਂਬੂ ਉਠੇ ਸਨ ਉਦੋਂ। ਲੱਖਾਂ ਲੋਕੀਂ ਉਸ ਨਫਰਤ ਦੀ ਅੱਗ ਵਿੱਚ ਸੜ ਕੇ ਸੁਆਹ ਹੋ ਗਏ ਸਨ। ਤੁਅੱਸਬੀ ਨਾਅਰਿਆਂ ਹੇਠ ਪਤਾ ਨਹੀਂ ਕਿੰਨੀਆਂ ਬੇਕਸੂਰ ਜ਼ਿੰਦਗੀਆਂ ਮੌਤ ਦੇ ਮੂੰਹ ਵਿੱਚ ਚਲੀਆਂ ਗਈਆਂ। ਮੈਂ ਜਾਨ ਬਚਾ ਕੇ ਕਿਵੇਂ ਤੁਹਾਡੇ ਕਾਫਲੇ ਨਾਲ ਇਥੇ ਲਿਆਂਦਾ, ਮੈਂ ਹੀ ਜਾਣਦਾ ਹਾਂ ਜੰਟੇ। ਪੁੱਛ ਲੈ ਆਪਣੀ ਬੇਬੇ ਤੋਂ। ਕਿਉਂ, ਕੀ ਆਹਨੀ ਏਂ ਭਾਗਵੰਤੀ?' ਗੁਰਜੰਟ ਦੇ ਬਾਪੂ ਨੇ ਉਸ ਦੀ ਮਾਂ ਵੱਲ ਇਸ਼ਾਰਾ ਕੀਤਾ। ਉਹ ਆਪਣੇ ਸਿਰ ਦਾ ਲੀੜਾ ਠੀਕ ਕਰਦੀ ਹੋਈ ਬੋਲੀ, 'ਆਹੋ ਪੁੱਤ! ਤੇਰਾ ਬਾਪੂ ਠੀਕ ਆਖਦੈ। ਬੜੇ ਲੋਕੀਂ ਵੱਢੇ ਗਏ ਸਨ ਉਦੋਂ। ਮੇਰੀ ਮੰਨ ਤਾਂ ਆਪਾਂ ਟੈਮ 'ਤੇ ਈ ਇਥੋਂ ਦੀ ਜ਼ਮੀਨ ਵੇਚ ਕੇ ਦੂਜੇ ਪਾਸੇ ਟੁਰ ਚਲੀਏ। ਅਖੇ ਜਾਨ ਹੈ ਤਾਂ ਜਹਾਨ ਹੈ। ਭੋਇੰ ਦੇ ਬਦਲੇ ਭੋਇੰ ਹੀ ਤਾਂ ਲੈਣੀ ਹੋਊ। ਇਥੇ ਨਹੀਂ ਤਾਂ ਉਥੇ ਵਾਹ ਲਾਵਾਂਗੇ। ਕਿਉਂ ਜੰਟੇ ਦੇ ਬਾਪੂ?'

'ਆਹੋ-ਆਹੋ, ਤੂੰ ਠੀਕ ਆਹਨੀਂ ਏਂ।' ਗੁਰ-ਜੰਟ ਸਿੰਘ ਦੇ ਬਾਪੂ ਨੇ ਕੋਲ ਪਈ ਮੰਜੀ ਉਤੇ ਬਹਿੰਦਿਆਂ ਹੁੰਗਾਰਾ ਭਰਿਆ। ਉਸ ਨੂੰ ਬਹਿੰਦਿਆਂ ਦੇਖ ਕੇ ਭਾਗਵੰਤੀ ਵੀ ਥੋੜ੍ਹਾ ਜਿਹਾ ਪਾਸੇ ਹਟ ਕੇ ਮੰਜੀ ਤੇ ਪਾਵੇ ਦਾ ਸਹਾਰਾ ਲੈਂਦੀ ਬਹਿ ਗਈ। ਉਨ੍ਹਾਂ ਦੋਵਾਂ ਦੀਆਂ ਗੱਲਾਂ ਸੁਣ ਕੇ ਗੁਰਜੰਟ ਸਿੰਘ ਸੋਚੀਂ ਪੈ ਗਿਆ। ਉਸ ਨੂੰ ਸੋਚੀਂ ਪਿਆ ਦੇਖ ਕੇ ਨਾਮ੍ਹੋ ਹੌਲੀ ਜਿਹੀ ਬੋਲੀ, 'ਮੱਖਾਂ, ਬੇਬੇ ਤੇ ਬਾਪੂ ਠੀਕ ਆਂਹਦੇ ਨੇ। ਜੇ ਆਖੋ ਤਾਂ ਮੈਂ ਪੇਕੇ ਜਾ ਕੇ ਆਪਣੇ ਭਾਈਏ ਨਾਲ ਗੱਲ ਤੋਰਾਂ। ਉਹ ਆਪੇ ਕੋਈ ਖਰੀਦਦਾਰ ਜਾਂ ਜ਼ਮੀਨ ਤਬਾਦਲੇ ਵਾਲਾ ਬੰਦਾ ਭਾਲ ਲਊ।' 'ਪਰ ਨਾਮ੍ਹੀਏ, ਮੈਂ ਇਸ ਮਿੱਟੀ 'ਤੇ ਆਪਣੀ ਉਮਰ ਦੇ ਚਾਲੀ ਵਰ੍ਹੇ ਲੰਘਾ ਦਿੱਤੇ। ਇਸ ਦੀ ਮਹਿਕ ਮੇਰੇ ਅੰਗ-ਅੰਗ ਵਿੱਚ ਵਸੀ ਹੋਈ ਏ। ਬੜੀਆਂ ਮਿਹਨਤਾਂ ਨਾਲ ਇਸ ਧਰਤੀ ਮਾਂ ਨੂੰ ਮੈਂ ਆਪਣਾ ਮੁੜਕਾ ਪਿਆ-ਪਿਆ ਸੰਵਾ-ਰਿਆ। ਇਹ ਕਿਵੇਂ ਛੱਡਾਂ ਮੈਂ?' ਗੁਰਜੰਟ ਨੇ ਪੂਰੇ ਜਜ਼ਬਾਤਾਂ ਵਿੱਚ ਡੁੱਬ ਕੇ ਬੜੀ ਗੰਭੀਰਤਾ ਨਾਲ ਸਭ ਤੋਂ ਗੱਲ ਪੁੱਛੀ।

'ਪਰ ਪੁੱਤ ਓਧਰ ਵੀ ਧਰਤੀ ਹੋਵੇਗੀ। ਆਪਾਂ ਉਸ ਨੂੰ ਵੀ ਆਪਣਾ ਬਣਾ ਲਾਵਾਂਗੇ। ਜਾਏ ਖਾਣਿਆਂ ਦੇ ਇਸ ਰੋਜ਼-ਰੋਜ਼ ਦੇ ਡਰ ਤੋਂ ਛੁਟਕਾਰਾ ਮਿਲੂ।' ਬੇਬੇ ਨੇ ਸਮਝਾਇਆ।

'ਪਰ ਮਾਂ ਜੇ ਇੰਜ ਅਸੀਂ ਕਮਜ਼ੋਰੀ ਵਿਖਾ ਕੇ ਇਥੋਂ ਓਧਰ ਚਲੇ ਗਏ ਤਾਂ ਇਸ ਪਿੰਡ ਵਾਲੇ ਤੇ ਉਸ ਪਿੰਡ ਵਾਲੇ ਜਿਥੇ ਅਸੀਂ ਜਾ ਕੇ ਹੋਰ ਜ਼ਮੀਨ ਲਵਾਂਗੇ, ਉਹ ਕੀ ਸੋਚਣਗੇ। ਇਹ ਤਾਂ ਜਿਊਂਦਿਆਂ ਜੀਆਂ ਮਰਨ ਵਾਲੀ ਗੱਲ ਹੋ ਜਾਊ।' ਗੁਰਜੰਟ ਨੇ ਕੁਝ ਤਲਖੀ ਵਿੱਚ ਕਿਹਾ। ਇਸ 'ਤੇ ਉਸ ਦੇ ਬਾਪੂ ਨੇ ਆਪਣਾ ਖੂੰਡਾ ਜ਼ਮੀਨ 'ਤੇ ਖੜਕਾਉਂਦਿਆਂ ਕਿਹਾ, 'ਕਾਕਾ, ਵਕਤ ਨਾਲ ਸਮਝੌਤਾ ਕਰਨਾ ਕੋਈ ਕਮਜ਼ੋਰੀ ਜਾਂ ਬੁਜ਼ਦਿਲੀ ਨਹੀਂ। ਗੱਲ ਤਾਂ ਬੱਸ ਬੇਫਿਕਰ ਹੋ ਕੇ ਜਿਊਣ ਦੀ ਹੈ। ਤੂੰ ਮਨ ਛੋਟਾ ਨਾ ਕਰ?। ਵਾਹਿਗੁਰੂ ਸਭ ਭਲੀ ਕਰੂ।'

'ਖੈਰ, ਜੇ ਤੁਹਾਡੀ ਸਭ ਦੀ ਇਹੀ ਮਰਜ਼ੀ ਹੈ ਤਾਂ ਮੈਂ ਕੀ ਕਰ ਸਕਦਾ ਹਾਂ। ਫਿਰ ਵੀ ਬਾਪੂ, ਮੈਂ ਇਕ ਵਾਰ ਪਿੰਡ ਦੇ ਸਰਪੰਚ ਨਾਲ ਗੱਲ ਤਾਂ ਕਰ ਵੇਖਾਂ। ਉਹ ਬੜਾ ਸਿਆਣਾ ਚੌਧਰੀ ਏ। ਚੰਗੀ ਮੱਤ ਹੀ ਦੇਵੇਗਾ।' ਗੁਰਜੰਟ ਸਿੰਘ ਨੇ ਜਿਵੇਂ ਸਭ ਅੱਗੇ ਹਥਿਆਰ ਸੁੱਟਦਿਆਂ ਕੁਝ ਨਿਰਾਸ਼ਾ ਵਿੱਚ ਕਿਹਾ।

'ਓਏ ਪੁੱਤਰ ਜੰਟਿਆ, ਤੂੰ ਅਸਲੋਂ ਭੋਲਾ ਏਂ। ਇਹ ਏਧਰ ਦਾ ਰਹਿਣ ਵਾਲਾ ਜਾਟ ਸਰਪੰਚ ਹੈ। ਭਲਾ ਉਹ ਕੀ ਰਾਇ ਦੇਊ? ਐਵੇਂ ਸਗੋਂ ਆਪਣੀ ਕਮਜ਼ੋਰੀ ਵਿਖਾਣੀ ਹੋਊ ਉਸ ਅੱਗੇ। ਬੇਗਾਨੇ ਤਾਂ ਪੁੱਤਰਾ ਬੇਗਾਨੇ ਹੀ ਹੁੰਦੇ ਨੇ।' ਵਰਿਆਮ ਸਿੰਘ ਨੇ ਕੁਝ ਸੰਸਿਆਂ ਭਰੀ ਆਵਾਜ਼ ਵਿੱਚ ਆਖਿਆ।

'ਸਾਰੇ ਬੰਦੇ ਬੇਈਮਾਨ ਨਹੀਂ ਹੁੰਦੇ ਬਾਪੂ। ਐਵੇਂ ਹਰ ਇਕ ਨੂੰ ਸ਼ੱਕ ਦੀ ਨਜ਼ਰ ਨਾਲ ਨਹੀਂ ਦੇਖਣਾ ਚਾਹੀਦਾ। ਇਨ੍ਹਾਂ ਚਾਲੀ ਸਾਲਾਂ ਵਿੱਚ ਆਪਾਂ ਨੂੰ ਇਸ ਪਿੰਡ ਦੇ ਵਸਨੀਕਾਂ ਕੋਲੋਂ ਕਦੇ ਤਕਲੀਫ ਨਹੀਂ ਹੋਈ। ਭਾਵੇਂ ਉਨ੍ਹਾਂ ਦੀ ਵਸੋਂ ਆਪਣੇ ਲੋਕਾਂ ਨਾਲੋਂ ਕਿਧਰੇ ਜ਼ਿਆਦਾ ਹੈ, ਤਾਂ ਵੀ ਉਹ ਸਾਡੇ ਨਾਲ ਸਕੇ ਭਰਾਵਾਂ ਵਾਂਗ ਰਹਿ ਰਹੇ ਹਨ।' ਗੁਰਜੰਟ ਨੇ ਇਕ ਨਿਸ਼ਚੇ ਨਾਲ ਆਪਣੀ ਗੱਲ ਆਖੀ ਤੇ ਫਿਰ ਇਹ ਕਹਿ ਕੇ ਘਰੋਂ ਬਾਹਰ ਨਿਕਲ ਗਿਆ ਕਿ ਉਹ ਸਰਪੰਚ ਨੂੰ ਮਿਲ ਕੇ ਬਾਅਦ ਵਿੱਚ ਖੇਤਾਂ ਵੱਲ ਜਾਵੇਗਾ। ਉਸ ਦੇ ਜਾਂਦਿਆਂ ਹੀ ਉਸ ਦੀ ਬੇਬੇ ਭਾਗਵੰਤੀ ਵਾਹਿਗੁਰੂ-ਵਾਹਿਗੁਰੂ ਜਪਦੀ ਉਠ ਕੇ ਡਿਊੜੀ ਵਿੱਚ ਡਾਹੀ ਮੰਜੀ 'ਤੇ ਜਾ ਕੇ ਲੇਟ ਗਈ ਤੇ ਵਰਿਆਮ ਸਿੰਘ ਆਪਣਾ ਖੂੰਡਾ ਫੜ ਕੇ ਉਠਦਾ ਹੋਇਆ ਨਾਮ੍ਹੋ ਨੂੰ ਕਹਿਣ ਲੱਗਾ, 'ਧੀਏ, ਜੰਟੇ ਨੂੰ ਤੂੰ ਹੀ ਸਮਝਾ। ਪਤਾ ਨਹੀਂ ਕਿਉਂ ਇਸ ਮੁੰਡੇ ਨੂੰ ਸਾਡੀ ਗੱਲ ਈ ਨਹੀਂ ਸਮਝ ਆ ਰਹੀ। ਤੌਖਲੇ ਤਾਂ ਮਾਪਿਆਂ ਨੂੰ ਭੋਗਣੇ ਪੈਂਦੇ ਨੇ।'

'ਤੁਸੀਂ ਚਿੰਤਾ ਨਾ ਕਰੋ ਬਾਪੂ ਜੀ। ਉਹ ਜਦੋਂ ਘਰ ਪਰਤਣਗੇ ਤਾਂ ਮੈਂ ਆਪ ਆਖਾਂਗੀ ਕਿ ਆਪਾਂ ਆਪਣੇ ਲੋਕਾਂ ਵਿੱਚ ਜਾ ਰਲੀਏ।' ਨਾਮ੍ਹੋ ਨੇ ਜਿਵੇਂ ਆਪਣੇ ਸਹੁਰੇ ਵਰਿਆਮ ਸਿੰਘ ਨੂੰ ਤਸੱਲੀ ਦੇਣੀ ਚਾਹੀ।

'ਸ਼ਾਬਾਸ਼ ਧੀਏ, ਸ਼ਾਬਾਸ਼। ਨੂੰਹ ਹੋਵੇ ਤਾਂ ਤੇਰੇ ਜਿਹੀ।' ਤੇ ਇਹ ਕਹਿ ਕੇ ਵਰਿਆਮ ਸਿੰਘ ਖੂੰਡਾ ਫੜੀ ਹੌਲੀ-ਹੌਲੀ ਤੁਰਦਾ ਭਾਗਵੰਤੀ ਕੋਲ ਜਾ ਬੈਠਾ।

ਗੁਰਜੰਟ ਸਿੰਘ ਨੂੰ ਭਰੀ ਦੁਪਹਿਰ ਆਪਣੇ ਘਰ ਆਇਆ ਦੇਖ ਕੇ ਚੌਧਰੀ ਹਰੀ ਸਿੰਘ ਸਰਪੰਚ ਦੂਰੋਂ ਹੀ ਮੂੜ੍ਹੇ ਉੱਤੇ ਬੈਠਾ ਬੋਲਿਆ, 'ਆ ਰੇ ਜੰਟ ਸਿੰਘ। ਆਜ ਰਾਸਤਾ ਭੂਲ ਆਇਆ ਰੇ। ਆ ਜਾ, ਅੜੇ ਮੇਰੇ ਕੰਨੇ ਹੀ ਬੈਠ ਜਾ।' ਤੇ ਗੁਰਜੰਟ ਸਿੰਘ ਜਾ ਕੇ ਉਸ ਦੇ ਨਾਲ ਪਏ ਮੂੜ੍ਹੇ 'ਤੇ ਬਹਿ ਗਿਆ।

'ਔਰ ਫਿਰ ਸੁਣਾ, ਕੇ ਚਾਲ ਢਾਲ ਸੈ ਜੰਟਾ ਸਿੰਘ?' ਸਰਪੰਚ ਨੇ ਗੱਲ ਟੋਰੀ।

'ਬੱਸ ਠੀਕ ਹੀ ਨੇ ਚੌਧਰੀ ਸਾਹਿਬ।' ਗੁਰਜੰਟ ਸਿੰਘ ਨੇ ਹੌਲੀ ਜਿਹੀ ਜਵਾਬ ਦਿੱਤਾ।

'ਆਜ ਕਾਲ ਬੇਰਾਂ ਨੀ ਲੋਗਾਂ ਨੇ ਕੇ ਹੋ ਗਾਇਆ ਸੈ। ਮੇਰੇ ਮਟੇ ਨੂੰ ਈ ਲੜਦੇ ਭਿੜਦੇ ਫਿਰ ਸੈ। ਯਾਰ ਦੇਖ ਲੇ ਈਬ ਸਹਰ ਮੈ ਕੇ ਹੋਣ ਲਾਗ ਰਿਹਾ ਸੈ। ਜ਼ੁਲਮ ਤੇ ਕੋਈ ਕਰੇ ਔਰ ਭਰੇ ਕੋਈ। ਯਾ ਤੋ ਜੰਟੇ ਲੁਟੇਰੇ ਸੈਂ। ਇਨ ਲੋਗਾਂ ਨੇ ਕਿਸੀ ਸੇ ਕੋਈ ਹਮਦਰਦੀ ਕੋਨਾ। ਰਾਮ ਈ ਭਲੀ ਕਰੇ।' ਸਰਪੰਚ ਨੇ ਆਪਣਾ ਹੁੱਕਾ ਫੜ ਕੇ ਗੁੜਗੁੜਾਉਂਦਿਆਂ ਗੁੱਸੇ ਵਿੱਚ ਕਿਹਾ।

'ਹਾਂ ਸਰਪੰਚ ਜੀ! ਟੈਮ ਬੜਾ ਭੈੜਾ ਆ ਗਿਆ ਹੈ। ਮੈਂ ਵੀ ਤੁਹਾਡੇ ਨਾਲ ਕੁਝ ਅਜਿਹੀ ਗੱਲ ਸਾਂਝੀ ਕਰਨ ਆਇਆ ਹਾਂ।' ਗੁਰਜੰਟ ਨੇ ਸਿੱਧੇ ਜਿਹੇ ਢੰਗ ਨਾਲ ਇਕਦਮ ਆਖਿਆ।

'ਹਾਂ-ਹਾਂ, ਬੋਲ ਕੇ ਬਾਤ ਸੈ?' ਚੌਧਰੀ ਹਰੀ ਸਿੰਘ ਨੇ ਗੁਰਜੰਟ ਦੀਆਂ ਅੱਖਾਂ ਵਿੱਚ ਝਾਕਦਿਆਂ ਪੁੱਛਿਆ।


'ਚੌਧਰੀ ਸਾਬ੍ਹ, ਅੱਜ ਜਦੋਂ ਤੋਂ ਤੁਹਾਡੇ ਰਾਹੀਂ ਮੇਰੇ ਬਾਪੂ ਨੂੰ ਇਹ ਪਤਾ ਲੱਗਾ ਕਿ ਸ਼ਹਿਰ ਵਿੱਚ ਸਿੱਖਾਂ ਨੂੰ ਨੁਕਸਾਨ ਪਹੁੰਚ-ਾਇਆ ਜਾ ਰਿਹਾ ਹੈ ਤਾਂ ਉਸ ਦਾ ਮਨ ਡੋਲ ਗਿਆ ਹੈ। ਉਹ ਚਾਹੁੰਦਾ ਹੈ ਕਿ ਅਸੀਂ ਇਥੋਂ ਜ਼ਮੀਨ ਵੇਚ ਕੇ ਜਾਂ ਕਿਸੇ ਪੰਜਾਬ ਦੇ ਬੰਦੇ ਨਾਲ ਤਬਦੀਲ ਕਰਕੇ ਚਲੇ ਜਾਈਏ।' ਗੁਰਜੰਟ ਸਿੰਘ ਨੇ ਹੌਲੀ-ਹੌਲੀ ਆਪਣੇ ਮਨ ਦੀ ਗੰਢ ਖੋਲ੍ਹੀ। ਸੁਣ ਕੇ ਸਰਪੰਚ ਹਰੀ ਸਿੰਘ ਇਕ ਵਾਰ ਉਚਾ ਸਾਰਾ ਹੱਸਿਆ ਤੇ ਫਿਰ ਹੁੱਕੇ ਵਿੱਚੋਂ ਇਕ ਜ਼ੋਰ ਦਾ ਕਸ਼ ਲੈ ਕੇ ਬੋਲਿਆ, 'ਅਰੇ! ਵਾਹ ਰੈ ਮੇਰੇ ਸੇਰ ਬਰਆਮ ਸਿੰਗ। ਆਛਾ ਛੋਰੇ ਜੰਟੇ ਨੇ ਡਰਾਵੇ ਸੈ। ਮੰਨੇ ਤੋਂ ਨਿਊਂ ਈ ਤੇਰੇ ਬਾਪੂ ਨੌਂ ਸਹਰ ਕੀ ਘਟਨਾ ਬਤਾਈ ਥੀ। ਮੇਰਾ ਮਤਲਬ ਯੋ ਥੋੜਾ ਥਾ ਕੇ ਵਾਹ ਈਸੀ ਭੋਡੀ ਸੋਚ ਕਰਨ ਲਾਗੇ। ਅਰੇ ਜੰਟੇ, ਯਾ ਤੋ ਲੋਗਾਂ ਨੇ ਪਾੜਨੀਏ ਈਸੀ ਘਟੀਆ ਚਾਲ ਚਾਲੋ। ਸੁਥਰਾ ਔਰ ਸਰੀਫ ਮਾਨਸ ਇਨ ਬਾਤਾਂ ਸੈ ਦੂਰ ਹੀ ਰਹਵੇ।'

'ਉਹ ਤਾਂ ਠੀਕ ਏ ਚੌਧਰੀ ਜੀ, ਪਰ ਫਿਰ ਵੀ ਜੇ ਵਕਤ 'ਤੇ ਆਦਮੀ ਸੰਭਲ ਜਾਵੇ ਤਾਂ ਸ਼ਾਇਦ ਉਹ ਬੁਰੀ ਘੜੀ ਤੋਂ ਬਚ ਜਾਵੇ। ਬੱਸ! ਇਸੇ ਕਰਕੇ ਮੈਂ ਤੁਹਾਡੇ ਨਾਲ ਰਾਇ ਕਰਨ ਆਇਆ ਸੀ ਕਿ ਅਸੀਂ ਆਪਣੀ ਜ਼ਮੀਨ ਦਾ ਬਾਹਰ ਤਬਾਦਲਾ ਕਰ ਲਈਏ।' ਗੁਰਜੰਟ ਸਿੰਘ ਨੇ ਆਖਰ ਆਪਣੇ ਮਨ ਦੀ ਗੱਲ ਕਹਿ ਹੀ ਦਿੱਤੀ। ਸਰਪੰਚ ਸੁਣ ਕੇ ਗੰਭੀਰ ਹੋ ਗਿਆ। ਕੁਝ ਪਲ ਉਹ ਸੋਚਦਾ ਰਿਹਾ ਤੇ ਫਿਰ ਹੁੱਕੇ ਨੂੰ ਪਰ੍ਹਾਂ ਕਰਕੇ ਗੁਰਜੰਟ ਦੇ ਮੋਢੇ 'ਤੇ ਹੱਥ ਰੱਖਦਿਆਂ ਬੋਲਿਆ, 'ਸੁਣ ਰੈ ਛੋਰੇ! ਮੈਂ ਇਸ ਗਾਂਵ ਕਾ ਸਰਪੰਚ ਈ ਨਹੀਂ, ਤਾਰ੍ਹਾ ਭਾਈ ਬੀ ਸੂੰ। ਥਾਰ੍ਹੇ ਕੰਨੇ ਕੋਈ ਆਂਖ ਠਾ ਕੇ ਬੀ ਦੇਖ ਜਾਏ ਤੋ ਉਸ ਕੀ ਆਂਖ ਫੋੜ ਦੇਊਂ। ਅਰੇ ਬਾਵਲੇ! ਯਾਹ ਧਰਤੀ ਮਾਰ੍ਹੀ ਮਾਂ ਸੈਂ। ਈਸੀ ਮਾਂ, ਜਿਸ ਕੀ ਗੋਦ ਮੈਂ ਬੈਠ ਕੇ ਮੇਹ ਸਾਰੇ ਅਨਾਜ ਖਾਵੇਂ। ਮਾਰ੍ਹੀ ਜਣਨੀ ਮਾਂ ਤੋ ਏਕ ਦਿਨ ਮਰ ਬੀ ਜਾਵੇ, ਪਰ ਯਾਹ ਧਰਤੀ ਮਾਂ ਤੋਂ ਹਮੇਸ਼ਾ ਜ਼ਿੰਦਾ ਰਵ੍ਹੇ ਔਰ ਪੀੜ੍ਹੀ ਨੇ ਪਾਲੈ ਸੈ। ਇਸ ਨੇ ਨਿਊਂ ਛੋਡ ਕੇ ਭਾਗੋਗੇ ਤੋ ਕੇ ਪਾਪ ਨਾ ਲਾਗੇਗਾ?'

ਸੁਣ ਕੇ ਗੁਰਜੰਟ ਦਾ ਮਨ ਭਰ ਆਇਆ। ਉਸ ਨੇ ਭਰੇ ਗਲੇ ਨਾਲ ਕਿਹਾ, 'ਹਾਂ ਚੌਧਰੀ ਜੀ! ਧਰਤੀ ਮਾਂ ਹੁੰਦੀ ਹੈ ਤੇ ਮੈਂ ਤਾਂ ਇਸ ਪਿੰਡ ਦੀ ਧਰਤੀ 'ਤੇ ਆਪਣਾ ਬਚਪਨ, ਜਵਾਨੀ ਤੇ ਹੁਣ ਕੁਝ ਅਗਲਾ ਪੜਾਅ ਵੀ ਮਾਣ ਰਿਹਾ ਹਾਂ। ਮੈਂ ਕਿਵੇਂ ਛੱਡਾਂ ਇਸ ਮਾਂ ਨੂੰ!..ਪਰ ਹਾਲਾਤ ਤੇ ਘਰ ਵਾਲਿਆਂ ਦੀਆਂ ਮਜਬੂਰੀਆਂ। ਮੈਂ ਕਿਵੇਂ ਮੋੜਾਂ ਉਨ੍ਹਾਂ ਦੇ ਸੁਆਲ ਨੂੰ?'

'ਤੈਂ ਕੋਈ ਫੀਕਰ ਨਾ ਕਰ ਰੈ ਜੰਟੇ। ਮੈਂ ਈਬੇ ਈ ਤੇਰੇ ਗੇਲ ਚਾਲ ਕੇ, ਤੇਰੇ ਬਾਪੂ ਸੈ ਬਾਤ ਕਰਤਾ ਹੂੰ। ਆਛਾ ਮੇਰਾ ਬਜ਼ੁਰਗ ਭਾਈ ਸੈ ਵਾਹ। ਨਿਊਂ ਈ ਬਹਿਮ ਮੈਂ ਪੜ ਗਇਆ ਸਿਰਦਾਰ। ਅਰੇ ਮੇਂਹ ਮਰ ਤੇ ਕੋਨੀ ਗਏ। ਗਾਂਵ ਮੇਂ ਰਹਿਣੀਆਂ, ਗਾਂਵ ਵਾਲਾ ਹੀ ਕਹਿਲਾਵੈ ਸੈ ਜੰਟੇ। ਵਾਹ ਚਾਹੇ ਕੀਸੀ ਜਾਤ ਬਰਾਦਰੀ ਸੇ ਬੀ ਕਿਉਂ ਨਾ ਹੋ। ਸੈ ਤੇ ਗਾਂਵ ਬਾਸੀ ਹੀ? ਵਾਹ ਉਸ ਗਾਂਵ ਕੀ ਧਰਤੀ ਕਾ ਬੇਟਾ ਬੇਟੀ ਹੋਵੇ ਸੈ, ਫਿਰ ਵੁਸ ਗਾਂਵ ਕੇ ਬੇਟੇ ਅਰ ਬੇਟੀ ਨੇ ਕੋਈ ਆ ਕੈ ਨੁਕਸਾਨ ਪਹੁੰਚਾਵੈ ਤੋ ਸਾਰੇ ਮਿਲ ਕੇ ਖੋਪਰ ਨਾ ਖੋਲ੍ਹ ਦੇਂਗੇ ਉਸ ਕਾ।..ਚਾਲ ਗੁਰਜੰਟ, ਆਜ ਕੀ ਰੋਟੀ ਬੀ ਤੇਰੇ ਘਰ ਚਾਲ ਕੈ, ਤੇਰੇ ਬਾਪ ਗੇਲ ਮਿਲ ਕੈ ਈ ਜੀਮੂੰਗਾ ਔਰ ਉਸ ਤੇ ਕਹੂੰਗਾ ਕਿ ਜਿਸ ਕਾ ਨਮਕ ਚਾਟ ਲੀਆ ਉਸ ਗੇਲ ਨਮਕ ਹਰਾਮੀ ਕੂਕਰ ਹੋ?'

ਤੇ ਗੁਰਜੰਟ ਨੇ ਭਰੀਆਂ ਅੱਖਾਂ ਨਾਲ ਦੇਖਿਆ ਕਿ ਸਰਪੰਚ ਚੌਧਰੀ ਹੀਰਾ ਸਿੰਘ ਕੋਲ ਹੀ ਦੂਜੇ ਮੂੜ੍ਹੇ 'ਤੇ ਪਈ ਆਪਣੀ ਚਿੱਟੀ ਪਗੜੀ ਨੂੰ ਚੁੱਕ ਕੇ ਸਿਰ 'ਤੇ ਵਲ੍ਹੇਟਣ ਲੱਗ ਗਿਆ ਹੈ।



ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਮਾਣਕ, ਲਾਹੌਰ

ਮਾਣਕ ਨਾਮੀ ਇਹ ਪਿੰਡ ਲਾਹੌਰ ਤੋਂ 45 ਕਿਲੋਮੀਟਰ ਦੂਰ ਰਾਏਵਿੰਡ ਰੋਡ ਉੱਤੇ ਹੈ। ਇਸ ਪਿੰਡ ਨੂੰ ਜਾਣ ਵਾਸਤੇ ਪਾਜੀਆਂ ਬੱਸ ਸਟਾਪ ਉੱਤੇ ਉਤਰਨਾ ਪੈਂਦਾ ਹੈ। ਪਿੰਡ ਮੇਨ ਰੋਡ ਤੋਂ ਕੋਈ ਚਾਰ ਕਿਲੋਮੀਟਰ ਹਟਵਾਂ ਹੈ, ਪਿੰਡ ਨੂੰ ਪੱਕੀ ਸੜਕ ਜਾਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਾਂਗੇ ਤੋਂ ਪੈਦਲ ਚੱਲ ਕੇ ਪਿੰਡ ਪਾਜੀਆਂ ਵਿੱਚ ਆਏ। ਉਥੋਂ ਦੇ ਲੋਕਾ ਨੇ ਪਹਿਲਾਂ ਆਪ ਨਾਲ ਪ੍ਰੇਮ ਵਿਖਾਇਆ ਫਿਰ ਆਪ ਨਾਲ ਮਖੌਲ ਕੀਤੇ। ਗੁਰੂ ਸਾਹਿਬ ਪਿੰਡ ਤੋਂ ਬਾਹਰ ਇਸ ਥਾਂ ਤੇ ਆਣ ਬਿਰਾਜੇ। ਕਿਸੇ ਪ੍ਰੇਮੀ ਨੇ ਪੁੱਛਿਆ ਕਿ ਗੁਰੂ ਜੀ ਤੁਸੀ ਪਿੰਡਾਂ ਕਿਉਂ ਆ ਗਏ ਹੋ ਤਾਂ ਆਪ ਨੇ ਫਰਮਾਇਆ ਕਿ ਉਹ" ਪਾਜੀ ਹਨ। ਇਸ ਉੱਤੇ ਉਸ ਪਿੰਡ ਦਾ ਨਾਮ ਪਾਜੀ ਪੈ ਗਿਆ ਜਦ ਕਿ ਇਸ ਟਿੱਬੇ ਦਾ ਨਾਮ ਮਾਣਕ ਹੋ ਗਿਆ, ਮਗਰੋਂ ਉੱਥੇ ਇੱਕ ਵੱਡਾ ਪਿੰਡ ਬਣ ਗਿਆ। ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਸੁੰਦਰ ਅਤੇ ਬਹੁਤ ਵੱਡੀ ਤਿੰਨ ਮੰਜ਼ਲੀ ਬਣੀ ਹੋਈ ਸੀ। ਲੰਗਰ ਹਾਲ,ਪ੍ਰਕਾਸ਼ ਅਸਥਾਨ, ਸਰਾਂ, ਦਰਸ਼ਨੀ ਡਿਉਢੀ, ਦੀਵਾਨ ਹਾਲ ਜੋ ਬਾਰਾਂਦਰੀ ਦੀ ਸੂਰਤ ਦਾ ਸੀ, ਨਾਲ ਉਦਾਸੀ ਸਾਧੂਆਂ ਦੀਆਂ ਸਮਾਧਾ, ਸਰੋਵਰ ਜੋ ਹੁਣ ਛੱਪੜ ਹੋ ਚੁੱਕਿਆ ਹੈ, ਇਹ ਸਭ ਕੁਝ ਹੁਣ ਮਿੱਟੀ ਦਾ ਢੇਰ ਹੁੰਦਾ ਜਾ ਰਿਹਾ ਹੈ। ਕੇਂਦਰੀ ਇਮਾਰਤ ਪਿਛਲੇ ਦੋ ਸਾਲਾ ਵਿੱਚ ਡਿੱਗੀ ਹੈ। ਗੁਰਦੁਆਰਾ ਸਾਹਿਬ ਦੇ ਨਾਮ 82 ਘੁਮਾਉ ਜ਼ਮੀਨ ਪਿੰਡ ਵੱਲੋਂ ਹੈ, ਵਿਸਾਖੀ ਉੱਤੇ ਮੇਲਾ ਜੁੜਦਾ ਸੀ। ਇਸ ਪਿੰਡ ਦੇ ਜੱਟ ਇੱਕੋ ਦਾਦੇ ਦੀ ਔਲਾਦ ਹਨ। ਉਹਨਾਂ ਵਿੱਚੋਂ ਕੁਝ ਹਿੰਦੂ ਰਹੇ, ਕੁਝ ਸਿੰਘ ਸਜ ਗਏ ਬਾਕੀ ਮੁਸਲਮਾਨ ਹੋ ਗਏ। ਮੇਲੇ ਦੇ ਦਿਨਾ ਵਿੱਚ ਕਿਸੇ ਵੀ ਧਰਮ ਦੇ ਲੋਕਾਂ ਨੂੰ ਆਪਣੇ ਘਰ ਵਿੱਚ ਰੋਟੀ ਪਕਾਉਣ ਦੀ ਆਗਿਆ ਨਹੀਂ ਸੀ ਹੁੰਦੀ। ਪਿੰਡ ਵਾਲੇ ਲੰਗਰ ਵਿੱਚੋਂ ਹੀ ਛਕਦੇ ਸਨ। ਲੰਗਰ ਦਾ ਪ੍ਰਬੰਧ ਇੱਕ ਦਿਨ ਸਿੱਖ, ਇੱਕ ਦਿਨ ਹਿੰਦੂ ਤੇ ਇੱਕ ਦਿਨ ਮੁਸਲਮਾਨ ਕਰਦੇ ਸਨ। 1947 ਤੋਂ ਬਾਅਦ ਇਸ ਗੁਰਦੁਆਰੇ ਅੰਦਰ ਬੱਚਿਆਂ ਦਾ ਸਕੂਲ ਬਣਾਇਆ ਗਿਆ, ਫਿਰ ਇਸ ਨੂੰ ਖਾਲੀ ਛੱਡ ਦਿੱਤਾ ਗਿਆ ਜਿਹਨੂੰ ਮੇਵਾਤ ਤੋਂ ਆਏ ਸ਼ਰਨਾਰਥੀਆ ਨੇ ਮੰਦੇ ਹੱਥੀਂ ਲਿਆ। ਪਹਿਲਾਂ ਕੰਧਾਂ ਤੇ ਹੋਈਆਂ ਫੁਲਕਾਰੀਆਂ ਮਿਟੀਆਂ, ਫਿਰ ਛੱਤਾਂ ਲੱਥੀਆਂ ਤੇ ਹੁਣ ਕੰਧਾਂ ਮੁੱਕ ਰਹੀਆਂ ਹਨ।

# ਔਰਤ ਦਾ ਸਨਮਾਨ ਲਾਜ਼ਮੀ

-ਲਕਸ਼ਮੀਕਾਂਤਾ ਚਾਵਲਾ



ਮੁਲਕ ਵਿੱਚ ਔਰਤਾਂ ਖ਼ਿਲਾਫ਼ ਵਧਦੇ ਅਪਰਾਧਾਂ, ਹਿੰਸਾ, ਬਲਾਤਕਾਰ ਅਤੇ ਫਿਰ ਪੀੜਤਾਂ ਨੂੰ ਜਿਉਂਦਿਆਂ ਸਾੜ ਦੇਣ ਦੀਆਂ ਕਈ ਘਟਨਾਵਾਂ ਨਾਲ ਹਰ ਨਰਮ ਦਿਲ ਨਾਗਰਿਕ ਦੁਖੀ ਤੇ ਪ੍ਰੇਸ਼ਾਨ ਹੈ। ਇਸ ਦਾ ਇਹ ਨਤੀਜਾ ਦੇਖਣ ਨੂੰ ਮਿਲਿਆ ਕਿ ਜਦੋਂ ਹੈਦਰਾਬਾਦ ਪੁਲਸ ਨੇ ਵੈਟਰਨਰੀ ਡਾਕਟਰ ਪ੍ਰਿਅੰਕਾ ਰੈਡੀ ਨਾਲ ਬਲਾਤਕਾਰ ਕਰਨ ਮਗਰੋਂ ਉਸ ਨੂੰ ਅੱਗ ਲਾ ਕੇ ਸਾੜ ਦੇਣ ਵਾਲੇ ਮੁਲਜ਼ਮਾਂ ਨੂੰ ਮੁਕਾਬਲੇ ਵਿੱਚ ਮਾਰ ਦਿੱਤਾ ਤਾਂ ਦੇਸ਼ ਵਿੱਚ ਅਲੋਕਾਰ ਗੱਲ ਹੋਈ। ਲੋਕਾਂ ਨੇ ਪੁਲਸ ਉਤੇ ਫੁੱਲ ਬਰਸਾਏ ਤੇ ਮਿਠਾਈਆਂ ਵੰਡੀਆਂ। ਜਵਾਨ ਲੜਕੀਆਂ ਨੇ ਦਿੱਲੀ ਤੋਂ ਹੈਦਰਾਬਾਦ ਤੱਕ ਢੋਲ ਵਜਾ-ਵਜਾ ਕੇ ਨੱਚਦਿਆਂ ਖ਼ੁਸ਼ੀ ਜ਼ਾਹਰ ਕੀਤੀ। ਮੁਲਜ਼ਮਾਂ ਵੱਲੋਂ ਉਨਾਓਂ ਬਲਾਤਕਾਰ ਪੀੜਤਾ ਨੂੰ ਸੜਨ ਅਤੇ ਫਿਰ ਉਸ ਦੀ ਮੌਤ ਮਗਰੋਂ ਵੀ ਇਹ ਆਵਾਜ਼ ਉਠ ਰਹੀ ਸੀ ਕਿ ਯੂ ਪੀ ਪੁਲਸ ਵੀ ਹੈਦਰਾਬਾਦ ਪੁਲਸ ਵਾਂਗ ਮੁਲਜ਼ਮਾਂ ਨੂੰ ਮੁਕਾਬਲਾ ਬਣਾ ਕੇ ਮਾਰ ਮੁਕਾਵੇ।

ਭਾਵੇਂ ਜ਼ਿਆਦਾਤਰ ਦੇਸ਼ ਵਾਸੀਆਂ ਨੇ ਇਸ ਕਦਮ ਦਾ ਸਵਾਗਤ ਕੀਤਾ, ਪਰ ਸੱਚ ਉਹ ਹੈ ਜੋ ਦੇਸ਼ ਦੀ ਸਰਬ ਉਚ ਅਦਾਲਤ ਦੇ ਮੁੱਖ ਜੱਜ ਨੇ ਕਿਹਾ ਕਿ ਜਲਦਬਾਜ਼ੀ ਵਿੱਚ ਨਿਆਂ ਨਹੀਂ ਹੋ ਸਕਦਾ। ਪੁਲਸ ਦੀ ਕਾਰਵਾਈ ਬਾਰੇ ਮੌਕੇ ਦੀ ਲੋੜ ਪੁਲਸ ਹੀ ਜਾਣਦੀ ਹੈ, ਪਰ ਚੀਫ ਜਸਟਿਸ ਨੇ ਜੋ ਕਿਹਾ, ਉਹ ਵੀ ਓਨਾ ਹੀ ਸੱਚ ਹੈ। ਅਜਿਹੀ ਹਰ ਘਟਨਾ ਵਾਂਗ ਇਸ ਵਾਰ ਵੀ ਨਵੇਂ ਸਖ਼ਤ ਕਾਨੂੰਨ ਬਣਾਉਣ, ਪੁਲਸ ਤੰਤਰ ਨੂੰ ਵਧੇਰੇ ਮਜ਼ਬੂਤ ਕਰਨ, ਮੁਜ਼ਰਿਮਾਂ ਨੂੰ ਫਾਂਸੀ ਦੀ ਸਜ਼ਾ ਦੇਣ ਲਈ ਆਵਾਜ਼ਾਂ ਉਠ ਰਹੀਆਂ ਹਨ। ਅਜਿਹੇ ਲੋਕ ਵੀ ਅਜਿਹੀਆਂ ਮੰਗਾਂ ਕਰ ਰਹੇ ਹਨ ਜਿਹੜੇ ਕਿਸੇ ਬਲਾਤਕਾਰ ਪੀੜਤ ਨੂੰ ਕਦੇ ਸਹਾਰਾ ਨਹੀਂ ਦਿੰਦੇ। ਹੈਰਾਨੀ ਦੀ ਗੱਲ ਹੈ ਕਿ ਉਨਾਓਂ ਬਲਾਤਕਾਰ ਪੀੜਤ ਦਾ ਕਹਾਣੀ ਸੁਣਾਈ ਜਾ ਰਹੀ ਹੈ ਕਿ ਉਹ ਨਿਆਂ ਹਾਸਲ ਕਰਨ ਲਈ ਇੱਕ ਸਾਲ ਤੋਂ ਦਰ-ਦਰ ਦੀਆਂ ਠੋਕਰਾਂ ਖਾ ਰਹੀ ਸੀ। ਉਸ ਦੇ ਘਰ ਪੁੱਜੇ ਕਿਸੇ ਵੀ ਆਗੂ ਕੋਲ ਇਸ ਗੱਲ ਦਾ ਜਵਾਬ ਨਹੀਂ ਕਿ ਉਨਾਓਂ ਬਲਾਤਕਾਰ ਪੀੜਤਾ ਅਤੇ ਉਸ ਤੋਂ ਪਹਿਲਾਂ ਵੀ ਜਿਣਸੀ ਸੋਸ਼ਣ ਤੇ ਹਿੰਸਾ ਦੀਆਂ ਪੀੜਤ ਔਰਤਾਂ ਦੇ ਹਰ ਦਰ ਤੱਕ ਇਹ ਆਗੂ ਕਿਉਂ ਨਹੀਂ ਪੁੱਜੇ।

ਸੱਚਾਈ ਇਹ ਹੈ ਕਿ ਜਿਸ ਦੁਰਘਟਨਾ ਜਾਂ ਬੇਇਨਸਾਫ਼ੀ ਬਾਰੇ ਮੀਡੀਆ ਵਿੱਚ ਆਵਾਜ਼ ਉਠਦੀ ਹੈ, ਉਹੀ ਸਰਕਾਰ ਤੱਕ ਪੁੱਜਦੀ ਹੈ। ਇਹ ਠੀਕ ਹੈ ਕਿ ਸਮਾਜ ਨੂੰ ਕਾਨੂੰਨ ਦਾ ਡਰ ਹੋਣਾ ਚਾਹੀਦਾ ਹੈ ਤੇ ਮੁਜ਼ਰਿਮਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ, ਪਰ ਇਹ ਵੀ ਸੋਚਣਾ ਚਾਹੀਦਾ ਹੈ ਕਿ ਭਾਰਤੀ ਸਮਾਜ ਦੇ ਇੰਨੇ ਲੋਕਾਂ ਵਿੱਚ ਹਵਸ ਇੰਨੀ ਕਿਵੇਂ ਵੱਧ ਗਈ। ਕੀ ਦੇਸ਼ ਦੇ ਕਿਸੇ ਸਕੂਲ ਵਿੱਚ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ। ਅਫ਼ਸੋਸ ਦੀ ਗੱਲ ਹੈ ਕਿ ਸਾਡੇ ਦੇਸ਼ ਵਿੱਚ ਵੱਖ-ਵੱਖ ਧਰਮਾਂ ਦੇ ਰਹਿਬਰ ਆਮ ਲੋਕਾਂ ਤੋਂ ਦੂਰ ਹੋ ਕੇ ਮਹਿਜ਼ ਵੱਡੇ-ਵੱਡੇ ਭਵਨਾਂ ਵਿੱਚ ਬੰਦ ਹੋ ਗਏ ਹਨ। ਬਹੁਤੇ ਉਪਦੇਸ਼ ਟੀ ਵੀ ਚੈਨਲਾਂ ਉਤੇ ਸੁਣਨ ਨੂੰ ਮਿਲਦੇ ਹਨ। ਕਦੇ ਸਾਡੇ ਸੰਤ ਮਹਾਤਮਾ ਪੈਦਲ ਯਾਤਰਾ ਵਿੱਚ ਮਾਣ ਮਹਿਸੂਸ ਕਰਦੇ ਸਨ, ਪਿੰਡ-ਪਿੰਡ ਘੁੰਮਦੇ ਸਨ, ਲੋਕਾਂ ਨਾਲ ਸੰਵਾਦ ਕਰਦਿਆਂ ਸਾਦਾ ਖਾਂਦੇ ਤੇ ਗ਼ਰੀਬ ਦੀ ਛੱਤ ਹੇਠਾਂ ਰਹਿ ਲੈਂਦੇ ਸਨ। ਅੱਜ ਦੇ 'ਮਹਾਤਮਾ' ਵੱਡੇ ਅਮੀਰਾਂ ਨੂੰ ਹੀ ਆਸ਼ੀਰਵਾਦ ਦਿੰਦੇ ਹਨ। ਸਿਆਸੀ ਪਾਰਟੀਆਂ ਵੀ ਸਿਰਫ਼ ਚੋਣਾਂ ਜਿੱਤਣਾ ਚਾਹੁੰਦੀਆਂ ਹਨ। ਸਰਕਾਰਾਂ ਸ਼ਰਾਬ ਦੀ ਵਿਕਰੀ ਰਾਹੀਂ ਇਕੱਠੇ ਹੋਏ ਮਾਲੀਏ ਨਾਲ ਕੰਮ ਚਲਾਉਂਦੀਆਂ ਹਨ। ਕੀ ਸਰਕਾਰਾਂ ਇਹ ਨਹੀਂ ਜਾਣਦੀਆਂ ਕਿ ਨਸ਼ੇ ਵਾਸਨਾ ਨੂੰ ਜਨਮ ਦਿੰਦੇ ਹਨ। ਇੱਕ ਸੂਬਾਈ ਮੰਤਰੀ ਦੇ ਆਖਣ ਮੁਤਾਬਿਕ ਸ਼ਰਾਬ ਨਸ਼ਾ ਹੀ ਨਹੀਂ। ਫਿਰ ਪਤਾ ਨਹੀਂ ਕਿਉਂ ਵਾਰ-ਵਾਰ ਅਜਿਹੀਆਂ ਖ਼ਬਰਾਂ ਆਉਂਦੀਆਂ ਹਨ ਕਿ ਸ਼ਰਾਬ ਦੇ ਨਸ਼ੇ ਵਿੱਚ ਪਿਤਾ ਨੇ ਧੀ ਦੀ ਇਜ਼ੱਤ ਤਾਰ-ਤਾਰ ਕਰ ਦਿੱਤੀ ਜਾਂ ਸ਼ਰਾਬੀ ਡਰਾਈਵਰ ਨੇ ਦੁਰਘਟਨਾ ਕਰ ਦਿੱਤੀ ਜਾਂ ਸ਼ਰਾਬ ਦੇ ਨਸ਼ੇ ਵਿੱਚ ਗੁੰਡਿਆਂ ਨੇ ਗੁੰਡਾਗਰਦੀ ਕੀਤੀ।

ਅੱਜ ਹਾਲਤ ਇਹ ਹੈ ਕਿ ਉਡੀਕ ਕਰਨਾ ਦੇਸ਼, ਸਮਾਜ ਅਤੇ ਧੀਆਂ ਲਈ ਘਾਤਕ ਹੋ ਜਾਵੇਗਾ। ਉਂਜ ਵੀ ਧੀਆਂ ਪਰਵਾਰ ਦਾ ਹਿੱਸਾ ਹੁੰਦੀਆਂ ਹਨ ਅਤੇ ਪਰਵਾਰ ਸਮਾਜ ਦਾ ਹਿੱਸਾ। ਜੇ ਇੱਕ ਧੀ ਕੁਕਰਮਾ ਦਾ ਸ਼ਿਕਾਰ ਹੁੰਦੀ ਹੈ ਤਾਂ ਉਸ ਨਾਲ ਜੁੜੇ ਬਹੁਤ ਸਾਰੇ ਲੋਕਾਂ ਨੂੰ ਇਸ ਨਾਲ ਅਸਹਿ ਤੇ ਅਕਹਿ ਦੁੱਖ ਹੁੰਦਾ ਹੈ। ਇਸ ਦੇ ਨਾਲ ਹੀ ਪੀੜਤ ਦੀਆਂ ਸਾਥੀ, ਜਮਾਤੀ ਜਾਂ ਗੁਆਂਢੀ ਰਹੀਆਂ ਕੁੜੀਆਂ ਦੀ ਆਜ਼ਾਦੀ ਖੁੱਸ ਜਾਂਦੀ ਹੈ। ਸਾਰੀ ਸੰਵੇਦਨਾਵਾਂ ਦੇ ਬਾਵਜੂਦ ਦੇਸ਼ ਵਿੱਚ ਔਰਤਾਂ ਖ਼ਿਲਾਫ਼ ਜੁਰਮ ਸਰਕਾਰਾਂ ਸਮਾਜਿਕ ਤੇ ਨੈਤਿਕ ਮਾਹੌਲ ਤੰਜਰੁਸਤ ਨਹੀਂ ਕਰਨਗੀਆਂ ਤਾਂ ਕਿੰਨੇ ਕੁ ਅਪਰਾਧੀਆਂ ਨੂੰ ਸਜ਼ਾ ਦੇਣਗੀਆਂ। ਭਾਰਤ ਦੇ ਉਪ-ਰਾਸ਼ਟਰਪਤੀ ਵੈਂਕਈਆ ਨਾਇਡੂ ਨੇ ਵੀ ਕਿਹਾ ਹੈ ਕਿ ਔਰਤਾਂ ਖ਼ਿਲਾਫ਼ ਅਪਰਾਧਾਂ ਨੂੰ ਨਕੇਲ ਪਾਉਣ ਲਈ ਨਵੇਂ ਕਾਨੂੰਨ ਲਿਆਉਣਾ ਹੀ ਹੱਲ ਨਹੀਂ ਸਗੋਂ ਰਾਜਨੀਤਕ ਇੱਛਾ ਸ਼ਕਤੀ ਅਤੇ ਪ੍ਰਸ਼ਾਸਨਿਕ ਸਖ਼ਤੀ ਇਸ ਸਮਾਜਿਕ ਬੁਰਾਈ ਦੇ ਖਾਤਮੇ ਲਈ ਜ਼ਰੂਰੀ ਹੈ।

ਇਸ ਤੋਂ ਇਲਾਵਾ ਬਲਾਤਕਾਰ ਦੀਆਂ ਕਈ ਪੀੜਤਾਂ ਨੂੰ ਸਰਕਾਰਾਂ ਉਨ੍ਹਾਂ ਦੀ ਮੌਤ ਮੁਆਵਜ਼ਾ ਦਿੰਦੀਆਂ ਹਨ। ਕੀ ਇਹ ਮੁਆਵਜ਼ਾ ਉਨ੍ਹਾਂ ਦਾ ਲੀਰੋ-ਲੀਰ ਹੋ ਚੁੱਕਾ ਸਨਮਾਨ ਦਿਵਾ ਸਕੇਗਾ? ਕੋਈ ਮੰਨੇ ਜਾਂ ਨਾ, ਇਹ ਲੱਖਾਂ ਰੁਪਏ ਪੀੜਤਾਂ ਦੇ ਪਰਵਾਰਾਂ ਨੂੰ ਖ਼ਾਮੋਸ਼ ਕਰਵਾਉਣ ਲਈ ਦਿੱਤੇ ਜਾਂਦੇ ਹਨ। ਸੋਚਣ ਵਾਲੀ ਗੱਲ ਹੈ ਕਿ ਨੌਕਰੀ ਅਤੇ ਮਕਾਨ ਮਿਲਣ ਨਾਲ ਜਾਣ ਗੁਆ ਚੁੱਕੀ ਪੀੜਤ ਦਾ ਦੀ ਭਲਾ ਹੁੰਦਾ ਹੈ। ਕੀ ਇਸ ਨਾਲ ਇਹ ਪੱਕ ਹੁੰਦਾ ਹੈ ਕਿ ਭਵਿੱਖ ਵਿੱਚ ਮੁਲਕ ਵਿੱਚ ਕੋਈ ਧੀ ਇਸ ਵਹਿਸ਼ਤ ਦਾ ਸ਼ਿਕਾਰ ਨਹੀਂ ਹੋਵੇਗੀ?

ਮੈਂ ਫਿਰ ਆਖਦੀ ਹਾਂ ਕਿ ਸਰਕਾਰਾਂ ਜਾਗਣ। ਸਕੂਲ ਤੋਂ ਅਜਿਹੀ ਸਿੱਖਿਆ ਦਿੱਤੀ ਜਾਵੇ ਕਿ ਦੇਸ਼ ਵਾਸੀ ਦੇਸ਼ਭਗਤ ਹੋਣ ਅਤੇ ਹਰ ਰੂਪ ਵਿੱਚ ਔਰਤ ਦਾ ਸਨਮਾਨ ਕਰਨ। ਭਾਰਤ ਸਰਕਾਰ, ਬੁੱਧੀਜੀਵੀ, ਧਾਰਮਿਕ ਰਹਿਬਰ ਅਤੇ ਸਮਾਜ ਸੁਧਾਰਕ ਇਸ ਵਿੱਚ ਆਪਣਾ ਬਣਦਾ ਯੋਗਦਾਨ ਲਾਜ਼ਮੀ ਪਾਉਣ।

# ਨਾਗਰਿਕਤਾ ਸੋਧ ਕਾਨੂੰਨ : ਮਧੂਮੱਖੀਆਂ ਦਾ ਛੱਤਾ

-ਪੂਨਮ ਆਈ ਕੌਸ਼ਿਸ਼

ਆਸਾਮ ਸੜ ਰਿਹਾ ਹੈ ਅਤੇ ਉਤਰ-ਪੂਰਬ ਵਿੱਚ ਅੱਗ ਲੱਗੀ ਹੋਈ ਹੈ। ਉੱਤਰ-ਪੂਰਬ ਦੇ ਸਾਰੇ ਸੱਤ ਰਾਜਾਂ ਵਿੱਚ ਵਿਰੋਧ ਪ੍ਰਦਰਸ਼ਨ ਚੱਲ ਰਹੇ ਹਨ, ਪਰ ਆਸਾਮ ਸਭ ਤੋਂ ਵੱਧ ਪ੍ਰਭਾਵਤ ਹੈ। ਲੋਕ ਸੜਕਾਂ 'ਤੇ ਆ ਗਏ ਹਨ, ਦਫਤਰਾਂ ਵਿੱਚ ਭੰਨ ਤੋੜ ਹੋ ਰਹੀ ਹੈ, ਸੁਰੱਖਿਆ ਬਲ ਉਤੇਜਿਤ ਭੀੜ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਕਰਫਿਊ ਲਾ ਦਿੱਤਾ ਗਿਆ ਹੈ, ਕਸ਼ਮੀਰ ਵਾਂਗ ਉਥੇ ਇੰਟਰਨੈਟ ਸੇਵਾ ਬੰਦ ਕਰ ਦਿੱਤੀ ਗਈ ਹੈ ਤੇ ਸੂਬੇ ਦੇ ਲੋਕ ਪਿਛਲੇ ਹਫਤੇ ਪਾਰਲੀਮੈਂਟ ਵੱਲੋਂ ਪਾਸ ਨਾਗਰਿਕਤਾ ਸੋਧ ਐਕਟ ਦਾ ਵਿਰੋਧ ਕਰ ਰਹੇ ਹਨ। ਉਹ ਲੋਕ ਇਸ ਕਾਨੂੰਨ ਨੂੰ ਹਿੰਦੂਤਵ ਦੀ ਸਿਆਸਤ ਦੀ ਬਲੀ ਵੇਦੀ 'ਤੇ ਸੂਬੇ ਦੇ ਹਿੱਤਾਂ ਦੀ ਬਲੀ ਚੜ੍ਹਾਉਣ ਅਤੇ ਪ੍ਰਵਾਸੀਆਂ ਨੂੰ ਪਿਛਲੇ ਦਰਵਾਜ਼ੇ ਤੋਂ ਦਾਖਲਾ ਦੇਣ ਦੇ ਰੂਪ ਵਿੱਚ ਦੇਖ ਰਹੇ ਹਨ। ਇਸ ਸੋਧ ਨਾਲ ਬੰਗਲਾ ਦੇਸ਼, ਅਫਗਾਨਿਸਤਾਨ ਅਤੇ ਪਾਕਿ-ਸਤਾਨ ਵਿੱਚ ਧਾਰਮਿਕ ਤੌਰ 'ਤੇ ਪੀੜਤ ਉਨ੍ਹਾਂ ਹਿੰਦੂ, ਸਿੱਖ, ਜੈਨ, ਈਸਾਈ, ਬੋਧੀ ਤੇ ਪਾਰਸੀ ਲੋਕਾਂ ਨੂੰ ਨਾਗਰਿਕਤਾ ਦੇਣ ਦੀ ਵਿਵਸਥਾ ਕੀਤੀ ਗਈ ਹੈ, ਜਿਨ੍ਹਾਂ ਨੇ 31 ਦਸੰਬਰ 2014 ਤੋਂ ਪਹਿਲਾਂ ਭਾਰਤ ਵਿੱਚ ਸ਼ਰਨ ਲਈ ਸੀ ਅਤੇ ਇਸ ਵਿੱਚ ਮੁਸਲਮਾਨਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਪ੍ਰਧਾਨ ਮੰਤਰੀ ਮੋਦੀ ਨੇ ਇਹ ਕਹਿ ਕੇ ਲੋਕਾਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਕਿ ਨਾਗਰਿਕਤਾ ਸੋਧ ਕਾਨੂੰਨ ਨਾਗਰਿਕਤਾ ਦੇਣ ਲਈ ਹੈ ਤੇ ਇਸ ਨਾਲ ਮੁਸਲਮਾਨਾਂ ਸਮੇਤ ਕੋਈ ਭਾਰਤੀ ਪ੍ਰਭਾਵਤ ਨਹੀਂ ਹੋ ਰਿਹਾ ਅਤੇ ਨਾਜਾਇਜ਼ ਪ੍ਰਵਾਸੀਆਂ ਨਾਲ ਧਰਮ ਦੇ ਆਧਾਰ 'ਤੇ ਭੇਦਭਾਵ ਨਹੀਂ ਕੀਤਾ ਗਿਆ, ਪਰ ਵਿਰੋਧੀ ਧਿਰ ਅਤੇ ਉਤਰ ਪੂਰਬ ਦੇ ਲੋਕ ਉਨ੍ਹਾਂ ਦੀ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਹਨ।

ਪੱਛਮੀ ਬੰਗਾਲ, ਕੇਰਲ, ਪੰਜਾਬ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਨੇ ਪਹਿਲਾਂ ਹੀ ਇਸ ਕਾਨੂੰਨ ਨੂੰ ਲਾਗੂ ਕਰਨ ਤੋਂ ਮਨ੍ਹਾ ਕਰ ਦਿੱਤਾ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਨਾਗਰਿਕਤਾ ਸੋਧ ਐਕਟ ਭਾਰਤ ਦੇ ਸੰਵਿਧਾਨ ਦੀ ਮੂਲ ਭਾਵਨਾ ਦੇ ਉਲਟ ਹੈ ਕਿਉਂਕਿ ਇਸ ਵਿੱਚ ਨਾਗਰਿਕਤਾ ਦੇਣ ਦਾ ਆਧਾਰ ਧਰਮ ਬਣਾਇਆ ਗਿਆ ਹੈ ਅਤੇ ਇਹ ਧਾਰਾ 14 ਵਿੱਚ ਵਰਣਨ ਕੀਤੇ ਬਰਾਬਰੀ ਦੇ ਅਧਿਕਾਰ ਦੀ ਉਲੰਘਣਾ ਕਰਦਾ ਹੈ ਅਤੇ ਭੇਦਭਾਵ ਵਾਲਾ ਹੈ ਕਿਉਂਕਿ ਇਸ ਵਿੱਚ ਮੁਸਲਮਾਨਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਦੀ ਦੇਸ਼ ਵਿੱਚ 15 ਫੀਸਦੀ ਆਬਾਦੀ ਹੈ।

ਸਰਕਾਰ ਦਾ ਦਾਅਵਾ ਹੈ ਕਿ ਇਹ ਕਾਨੂੰਨ ਵੰਡ ਤੋਂ ਪਹਿਲਾਂ ਦੀਆਂ ਗਲਤੀਆਂ ਨੂੰ ਸੁਧਾਰਨ ਲਈ ਹੈ ਤੇ ਇਨ੍ਹਾਂ ਤਿੰਨ ਦੇਸ਼ਾਂ ਵਿੱਚ ਨਾ ਮੁਸਲਮਾਨਾਂ 'ਤੇ ਤਸ਼ੱਦਦ ਕੀਤਾ ਗਿਆ ਹੈ ਅਤੇ ਨਾ ਉਨ੍ਹਾਂ ਨਾਲ ਭੇਦ ਭਾਵ ਕੀਤਾ ਗਿਆ, ਪਰ ਇਹ ਦਲੀਲ ਝੂਠੀ ਹੈ ਕਿਉਂਕਿ ਪਾਕਿਸਤਾਨ ਵਿੱਚ ਸ਼ੀਆ ਤੇ ਅਹਿਮਦੀ ਲੋਕ ਧਾਰਮਿਕ ਹਿੰਸਾ ਦਾ ਸ਼ਿਕਾਰ ਰਹੇ ਹਨ। ਜੇ ਇਸ ਬਿੱਲ ਦਾ ਆਧਾਰ ਗੁਆਂਢੀ ਦੇਸ਼ਾਂ ਵਿੱਚ ਘੱਟ ਗਿਣਤੀਆਂ ਨਾਲ ਵਿਤਕਰੇ ਅਤੇ ਤਸ਼ੱਦਦ ਹੈ ਤਾਂ ਉਸ ਵਿੱਚ ਮਿਆਂਮਾਰ ਅਤੇ ਸ਼੍ਰੀਲੰਕਾ ਨੂੰ ਕਿਉਂ ਛੱਡਿਆ ਗਿਆ ਹੈ? ਮਿਆਂਮਾਰ ਵਿੱਚ ਰੋਹਿੰਗਿਆ ਮੁਸਲਮਾਨਾਂ ਅਤੇ ਸ਼੍ਰੀਲੰਕਾ ਵਿੱਚ ਤਮਿਲਾਂ ਉਤੇ ਤਸ਼ੱਦਦ ਹੋ ਰਿਹਾ ਹੈ ਤੇ ਇਸ ਨਾਲ ਉਨ੍ਹਾਂ ਦੇਸ਼ਾਂ ਵਿੱਚ ਉਨ੍ਹਾਂ ਧਰਮ ਦੇ ਪੈਰੋਕਾਰਾਂ ਦਾ ਤਸ਼ੱਦਦ ਵਧ ਸਕਦਾ ਹੈ, ਜਿਨ੍ਹਾਂ ਨੂੰ ਇਸ ਕਾਨੂੰਨ ਰਾਹੀਂ ਸੁਰੱਖਿਆ ਦਿੱਤੀ ਜਾ ਰਹੀ ਹੈ। ਇੱਕ ਸੀਨੀਅਰ ਕਾਂਗਰਸੀ ਨੇਤਾ ਅਨੁਸਾਰ ''ਨਾਗਰਿਕਤਾ ਸੋਧ ਐਕਟ ਭਾਜਪਾ ਦੇ ਹਿੰਦੂ ਰਾਸ਼ਟਰ ਦੇ ਸਿਆਸੀ ਏਜੰਡੇ ਵਿੱਚ ਫਿੱਟ ਬੈਠਦਾ ਹੈ, ਜਿਸ ਦੇ ਨਾਲ ਮੁਸਲਮਾਨਾਂ ਨੂੰ ਦੂਜੇ ਦਰਜੇ ਦਾ ਨਾਗਰਿਕ ਬਣਾਇਆ ਜਾਵੇ। ਭਗਵਾ ਸੰਘ ਦਾ ਵਿਚਾਰ ਅਸਲ ਵਿੱਚ ਸਭਿਆਚਾਰਕ ਗਲਬਾ ਸਥਾਪਤ ਕਰਨ ਜਾਂ ਇੱਕ ਭਾਈਚਾਰੇ 'ਤੇ ਦੂਜੇ ਭਾਈਚਾਰੇ ਦਾ ਗਲਬਾ ਸਥਾਪਤ ਕਰਨ ਲਈ ਪਰਵਾਸ ਨੂੰ ਹੱਲਾਸ਼ੇਰੀ ਦੇਣਾ ਹੈ।''

ਆਸਾਮ ਦੇ ਲੋਕਾਂ ਦਾ ਮੰਨਣਾ ਹੈ ਕਿ ਇਸ ਕਾਨੂੰਨ ਨਾਲ ਇਸ ਖੇਤਰ ਦੀ ਆਬਾਦੀ ਦਾ ਸੰਤੁਲਨ ਵਿਗੜੇਗਾ, ਜਿਸ ਨਾਲ ਸੂਬੇ ਦੇ ਸੋਮਿਆਂ 'ਤੇ ਬੋਝ ਵਧੇਗਾ ਅਤੇ ਸਥਾਨਕ ਲੋਕਾਂ ਦੇ ਰੋਜ਼ਗਾਰ ਦੇ ਮੌਕੇ ਘੱਟ ਹੋਣਗੇ। ਉਨ੍ਹਾਂ ਨੂੰ ਸ਼ੱਕ ਹੈ ਕਿ ਐੱਨ ਡੀ ਏ ਗੱਠਜੋੜ ਆਸਾਮ ਸਮਝੌਤੇ ਦੇ ਸੈਕਸ਼ਨ ਛੇ ਦੀ ਪਾਲਣਾ ਕਰੇਗਾ, ਜੋ ਆਸਾਮੀ ਲੋਕਾਂ ਦੀ ਸੁਰੱਖਿਆ, ਉਨ੍ਹਾਂ ਦੇ ਸਭਿਆਚਾਰ, ਸਮਾਜਕ, ਭਾਸ਼ਾਈ ਪਛਾਣ ਨੂੰ ਹੱਲਾਸ਼ੇਰੀ ਦੇਣ ਅਤੇ ਵਿਰਾ-ਸਤ ਨੂੰ ਸੁਰੱਖਿਆ ਦੇਣ ਬਾਰੇ ਹੈ ਅਤੇ ਆਸਾਮ ਨੂੰ ਨਾਗਰਿਕਤਾ ਸੋਧ ਐਕਟ ਦੇ ਉਲਟ ਪ੍ਰਭਾਵਾਂ ਤੋਂ ਬਚਾਏਗਾ। ਇਹ ਉਨ੍ਹਾਂ ਖੇਤਰਾਂ ਨੂੰ ਸੁਰੱਖਿਅਤ ਕਰੇਗਾ, ਜਿੱਥੇ ਬਾਹਰੀ ਲੋਕਾਂ ਨੂੰ ਜਾਣ ਲਈ ਇਨਰ ਲਾਈਨ ਪਰਮਿਟ ਲੈਣਾ ਪੈਂਦਾ ਹੈ। ਇਨਰ ਲਾਈਨ ਪਰਮਿਟ ਵਾਲੇ ਖੇਤਰਾਂ ਵਿੱਚ ਬਾਹਰੀ ਲੋਕ ਪਰਮਿਟ ਲੈ ਕੇ ਵੀ ਨਹੀਂ ਵਸ ਸਕਦੇ ਤੇ ਇਹ ਵਿਵਸਥਾ ਉਤਰ ਪੂਰਬ ਦੇ ਕਈ ਖੇਤਰਾਂ ਵਿੱਚ ਲਾਗੂ ਹੈ ਅਤੇ ਇਸ ਦੀ ਵਰਤੋਂ ਉਨ੍ਹਾਂ ਖੇਤਰਾਂ ਨੂੰ ਨਾਗਰਿਕਤਾ ਸੋਧ ਕਾਨੂੰਨ ਤੋਂ ਬਾਹਰ ਰੱਖਣ ਲਈ ਕੀਤੀ ਜਾਂਦੀ ਹੈ, ਪਰ ਇਸ ਦੀ ਕੀ ਗਾਰੰਟੀ ਹੈ? ਇਨਰ ਲਾਈਨ ਪਰਮਿਟ ਨਾਗਾਲੈਂਡ, ਮਿਜ਼ੋਰਮ ਤੇ ਅਰੁਣਾਚਲ ਪ੍ਰਦੇਸ਼ ਵਿੱਚ ਦਹਾਕਿਆਂ ਤੋਂ ਲਾਗੂ ਹੈ ਅਤੇ ਉਥੇ ਗੈਰ ਪ੍ਰਭਾਵੀ ਰਿਹਾ ਹੈ। ਕੇਂਦਰ ਸਰਕਾਰ ਇਸ ਵਿਵਸਥਾ ਦੀ ਵਰਤੋਂ ਆਸਾਮ ਤੇ ਤ੍ਰਿਪੁਰਾ ਦੀ ਛੇਵੀਂ ਅਨੁਸੂਚੀ ਦੇ ਖੇਤਰਾਂ ਵਿੱਚ ਕਰਨ ਦਾ ਯਤਨ ਕਰ ਰਹੀ ਹੈ, ਪਰ ਇਸ ਨਾਲ ਇਸ ਖੇਤਰ ਦੀ ਗੁੰਝਲਦਾਰ ਸਥਿਤੀ ਹੋਰ ਚੁਣੌਤੀਆਂ ਭਰੀ ਬਣ ਗਈ ਹੈ।

ਨਾਗਰਿਕਤਾ ਸੋਧ ਕਾਨੂੰਨ ਨੂੰ ਉਚਿਤ ਸਮੇਂ 'ਤੇ ਨਹੀਂ ਲਿਆਂਦਾ ਗਿਆ, ਕਿਉਂਕਿ ਅਜੇ ਰਾਸ਼ਟਰੀ ਨਾਗਰਿਕਤਾ ਰਜਿਸਟਰ ਦੇ ਕਾਰਨ ਪੈਦਾ ਹੋਏ ਲੋਕਾਂ ਦੇ ਜ਼ਖਮ ਨਹੀਂ ਭਰੇ। ਆਸਾਮ ਵਿੱਚ 19 ਲੱਖ ਲੋਕ ਅਜੇ ਵੀ ਇਸ ਤੋਂ ਬਾਹਰ ਹਨ ਤੇ ਇਨ੍ਹਾਂ ਵਿੱਚ ਬਹੁਤੇ ਹਿੰਦੂ ਹਨ। ਭਾਜਪਾ ਆਸਾਮ ਦੀ ਸੂਚੀ ਨੂੰ ਸਵੀਕਾਰ ਨਹੀਂ ਕਰਦੀ, ਪਰ ਰਾਸ਼ਟਰੀ ਨਾਗਰਿਕਤਾ ਰਜਿਸਟਰ ਤੋਂ ਛੁੱਟ ਗਏ ਹਿੰਦੂ ਅਤੇ ਜਨਜਾਤੀ ਲੋਕ ਮੰਨਦੇ ਹਨ ਕਿ ਇਸ ਵਿਵਸਥਾ ਵਿੱਚ ਬਹੁਤ ਸਾਰੀਆਂ ਖਾਮੀਆਂ ਹਨ ਤੇ ਉਹ ਆਪਣੇ ਭਵਿੱਖ ਪ੍ਰਤੀ ਅਨਿਸ਼ਚਿਤ ਹਨ ਤੇ ਉਨ੍ਹਾਂ ਨੂੰ ਕਾਨੂੰਨੀ ਸਹਾਇਤਾ ਦਾ ਵੀ ਭਰੋਸਾ ਨਹੀਂ, ਜਿਸ ਕਾਰਨ ਇਸ ਕਾਨੂੰਨ ਬਾਰੇ ਲੋਕਾਂ ਦਾ ਗੁੱਸਾ ਇਸ ਲਈ ਵੀ ਭੜਕਿਆ ਕਿ ਲੋਕ ਸਮਝ ਰਹੇ ਹਨ ਕਿ ਕੇਂਦਰ ਸੂਬਿਆਂ ਦੀਆਂ ਚਿੰਤਾਵਾਂ 'ਤੇ ਧਿਆਨ ਨਹੀਂ ਦੇ ਰਿਹਾ, ਹਾਲਾਂਕਿ ਇਸ ਕਾਨੂੰਨ ਨੂੰ ਇਨ੍ਹਾਂ ਚਿੰਤਾਵਾਂ ਨੂੰ ਦੂਰ ਕਰਨ ਲਈ ਲਿਆਂਦਾ ਗਿਆ ਸੀ।

ਆਸਾਮ ਦੀ ਜਨਤਾ ਨੂੰ ਡਰ ਹੈ ਕਿ ਇਹ ਕਾਨੂੰਨ ਰਾਸ਼ਟਰੀ ਨਾਗਰਿਕਤਾ ਰਜਿਸਟਰ ਨੂੰ ਪ੍ਰਭਾਵਹੀਣ ਕਰ ਦੇਵੇਗਾ, ਜਿਸ ਕਾਰਨ ਬੰਗਲਾ ਦੇਸ਼ ਤੋਂ ਆਏ ਲੱਖਾਂ ਹਿੰਦੂ ਸੂਬੇ ਵਿੱਚ ਭਾਰਤ ਦੇ ਨਾਗਰਿਕ ਬਣ ਜਾਣਗੇ, ਜਿਸ ਨਾਲ ਸਥਾਨਕ ਭਾਈਚਾਰਿਆਂ ਦੀ ਪਛਾਣ ਦਾ ਸੰਕਟ ਪੈਦਾ ਹੋਵੇਗਾ। ਸੋਮਿਆਂ ਉੱਤੇ ਬੋਝ ਵਧੇਗਾ, ਉਨ੍ਹਾਂ ਦੀ ਭਾਸ਼ਾ, ਸੱਭਿਆਚਾਰ ਅਤੇ ਪ੍ਰੰਪਰਾਵਾਂ ਲਈ ਖਤਰਾ ਪੈਦਾ ਹੋ ਜਾਵੇਗਾ। ਨਾਗਰਿਕਤਾ ਸੋਧ ਐਕਟ ਵਿੱਚ ਸਮਾਂ-ਹੱਦ 2014 ਰੱਖੀ ਗਈ ਹੈ। ਆਸਾਮ ਵਿੱਚੋ ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਉਥੇ ਲੋਕਾਂ ਦਾ ਪਰਵਾਸ 1951 ਤੋਂ 1971 ਵਿਚਾਲੇ ਹੋਇਆ, ਜਿਸ ਕਾਰਨ ਵਿਦਿਆਰਥੀਆਂ ਨੇ ਹਿੰਸਕ ਅੰਦੋਲਨ ਕੀਤਾ ਸੀ ਤੇ ਸਿੱਟੇ ਵਜੋਂ 1985 ਵਿੱਚ ਆਸਾਮ ਸਮਝੌਤਾ ਕੀਤਾ ਗਿਆ, ਜਿਸ ਵਿੱਚ ਵਿਦੇਸ਼ੀਆਂ ਦੀ ਪਛਾਣ ਅਤੇ ਉਨ੍ਹਾਂ ਨੂੰ ਵਾਪਸ ਭੇਜਣ ਲਈ 24 ਮਾਰਚ 1971 ਦੀ ਤਰੀਕ ਨਿਰਧਾਰਤ ਕੀਤੀ ਗਈ ਸੀ। ਇਸ ਲਈ ਉਨ੍ਹਾਂ ਦਾ ਕਹਿਣਾ ਹੈ ਕਿ ਸੂਬੇ 'ਤੇ ਹੋਰ ਆਬਾਦੀ ਥੋਪਣਾ ਗਲਤ ਹੈ। ਉਹ ਕੇਂਦਰ 'ਤੇ ਭਰੋਸਾ ਨਹੀਂ ਕਰਦੇ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਕਾਨੂੰਨ ਨਾਲ ਆਸਾਮ ਸਮਝੌਤੇ ਗੈਰ ਪ੍ਰਭਾਵੀ ਹੋ ਜਾਵੇਗਾ। ਇਸ ਕਾਨੂੰਨ ਨਾਲ ਨਾਗਰਿਕਤਾ ਦੀ ਪ੍ਰਕਿਰਿਆ ਵਿੱਚ ਮੁੱਢਲਾ ਬਦਲਾਅ ਆ ਜਾਵੇਗਾ। ਮੌਜੂਦਾ ਸਮੇਂ ਵਿੱਚ ਨਾਜਾਇਜ਼ ਪਰਵਾਸੀ ਭਾਰਤੀ ਨਾਗਰਿਕਤਾ ਦੀ ਅਰਜ਼ੀ ਨਹੀਂ ਦੇ ਸਕਦੇ, ਪਰ ਇਸ ਕਾਨੂੰਨ ਨਾਲ ਇਹ ਕਰ ਦਿੱਤਾ ਗਿਆ ਹੈ। ਇਸ ਵਿੱਚ ਉਡੀਕ ਮਿਆਦ ਵੀ 11 ਸਾਲ ਤੋਂ ਘਟਾ ਕੇ 6 ਸਾਲ ਕਰ ਦਿੱਤੀ ਗਈ ਹੈ। ਭਾਜਪਾ ਦਾ ਕਹਿਣਾ ਹੈ ਕਿ ਨਾਗਰਿਕਤਾ ਸੋਧ ਕਾਨੂੰਨ ਵੰਡ ਦੇ ਪੀੜਤ ਲੋਕਾਂ ਦੀਆਂ ਸਮੱਸਿਆਵਾਂ ਦਾ ਸਭ ਤੋਂ ਵਧੀਆ ਉਪਾਅ ਹੈ ਅਤੇ ਇਹ ਉਨ੍ਹਾਂ ਹਿੰਦੂਆਂ ਨੂੰ ਵੀ ਸੁਰੱਖਿਆ ਦੇਵੇਗਾ, ਜੋ ਰਾਸ਼ਟਰੀ ਨਾਗਰਿਕਤਾ ਰਜਿਸਟਰ ਤੋਂ ਰਹਿ ਗਏ ਹਨ। ਇਸ ਨਾਲ ਪਾਰਟੀ ਨੂੰ ਪੱਛਮੀ ਬੰਗਾਲ ਵਿੱਚ ਵੀ ਲਾਭ ਮਿਲੇਗਾ, ਜਿੱਥੇ ਵੱਡੀ ਗਿਣਤੀ ਵਿੱਚ ਬੰਗਲਾ ਦੇਸ਼ ਤੋਂ ਆਏ ਹਿੰਦੂ ਪ੍ਰਵਾਸੀ ਹਨ।

ਆਸਾਮ ਨਾਜਾਇਜ਼ ਪ੍ਰਵਾਸੀਆਂ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਤੇ ਇਸ ਲਈ ਕੇਂਦਰ ਤੇ ਸੂਬੇ ਦੋਵੇਂ ਹੀ ਦੋਸ਼ੀ ਹਨ। ਦੋਵੇਂ ਜਾਣਦੇ ਹਨ ਕਿ ਆਸਾਮ ਵਿੱਚ ਫਿਰਕੂ ਹਿੰਸਾ ਦਾ ਇਤਿਹਾਸ ਰਿਹਾ ਹੈ ਅਤੇ ਇਸ ਵੱਲ ਦੋਵਾਂ ਨੇ ਧਿਆਨ ਨਹੀਂ ਦਿੱਤਾ। ਕੇਂਦਰ ਨੇ ਵੀ ਅਜਿਹਾ ਕੰਮ ਕੀਤਾ ਹੈ, ਜਿਸ ਤੋਂ ਸਪੱਸ਼ਟ ਹੈ ਕਿ ਕੇਂਦਰ ਅਤੇ ਸੂਬੇ ਵਿਚਾਲੇ ਤਾਲਮੇਲ ਨਹੀਂ ਸੀ, ਹਾਲਾਂਕਿ ਦੋਵਾਂ ਵਿੱਚ ਭਾਜਪਾ ਦੀਆਂ ਸਰਕਾਰਾਂ ਹਨ ਅਤੇ ਦੋਵਾਂ ਨੇ 1983 ਦੇ ਮੇਲੀ ਕਤਲੇਆਮ ਤੋਂ ਸਬਕ ਨਹੀਂ ਲਿਆ ਹੈ, ਜਿਸ ਵਿੱਚ 3000 ਲੋਕ ਮਾਰੇ ਗਏ ਸਨ। ਆਸਾਮ ਨਾ ਸਿਰਫ ਬਹੁਜਾਤੀ, ਬਹੁ ਧਾਰਮਿਕ ਸੂਬਾ ਹੈ, ਸਗੋਂ ਇਥੇ ਪ੍ਰਭੂਸੱਤਾ ਦਾ ਵੀ ਧਮਾਕਾਖੇਜ ਮਿਸ਼ਰਣ ਹੈ। ਇਥੇ ਲੋਕਾਂ ਵਿੱਚ ਭਾਵਨਾ ਹੈ ਕਿ ਉਨ੍ਹਾਂ ਦਾ ਸ਼ੋਸ਼ਣ ਤੇ ਉਨ੍ਹਾਂ ਨਾਲ ਅਨਿਆਂ ਕੀਤਾ ਗਿਆ ਹੈ। ਉਥੇ ਅੱਤਵਾਦ ਵੀ ਰਿਹਾ ਹੈ। ਸੋਮਿਆਂ ਬਾਰੇ ਟਕਰਾਅ ਵੀ ਰਿਹਾ ਹੈ ਅਤੇ ਸਿਆਸੀ ਧਰੁਵੀਕਰਨ ਅਤੇ ਮੁਕਾਬਲੇਬਾਜ਼ੀ ਦੀ ਪਛਾਣ ਕਾਰਨ ਮੂਲ ਨਿਵਾਸੀਆਂ ਤੇ ਅਪ੍ਰਵਾਸੀਆਂ ਵਿਚਾਲੇ ਤਣਾਅ ਵਧਦਾ ਰਿਹਾ ਹੈ।

ਸਵਾਲ ਉਠਦਾ ਹੈ ਕਿ ਕੀ ਸਰਕਾਰ ਸਥਾਨਕ ਭਾਵਨਾਵਾਂ ਨੂੰ ਸ਼ਾਂਤ ਕਰ ਸਕੇਗੀ ਕਿਉਂਕਿ ਸੰਪੂਰਨ ਖੇਤਰ ਵਿੱਚ ਹਿੰਸਾ ਫੈਲ ਗਈ ਹੈ ਅਤੇ ਇਸ ਦਾ ਪ੍ਰਭਾਵ ਦਿੱਲੀ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਹੈ। ਇਸ ਸਥਿਤੀ ਨੂੰ ਸਾਵਧਾਨੀ ਨਾਲ ਸੰਭਾਲਣਾ ਪਵੇਗਾ। ਕੁਝ ਲੋਕਾਂ ਨੂੰ ਖਦਸ਼ਾ ਹੈ ਕਿ ਸਰਕਾਰ ਆਸਾਮ ਵਿੱਚ ਵੀ ਕਸ਼ਮੀਰ ਵਰਗੇ ਕਦਮ ਚੁੱਕ ਸਕਦੀ ਹੈ, ਪਰ ਵਿਰੋਧ ਪ੍ਰਦਰਸ਼ਨਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਉਨ੍ਹਾਂ ਨੂੰ ਬਲ ਪੂਰਵਕ ਨਹੀਂ ਰੋਕਿਆ ਜਾ ਸਕਦਾ। ਸਮਾਂ ਆ ਗਿਆ ਹੈ ਕਿ ਸਰਕਾਰ ਸਥਾਨਕ ਲੋਕਾਂ ਦੇ ਨਾਲ ਲਗਾਤਾਰ ਵਾਰਤਾ ਕਰੇ ਅਤੇ ਉਨ੍ਹਾਂ ਨੂੰ ਆਜ਼ਾਦੀ, ਸਮਾਨਤਾ ਅਤੇ ਸ਼ਮੂਲੀਅਤ ਦੀ ਸੰਸਕ੍ਰਿਤੀ ਬਾਰੇ ਵੀ ਦੱਸੇ। ਉਤਰ ਪੂਰਬ ਦੇ ਨੌਜਵਾਨਾਂ ਵੱਲੋਂ ਹਥਿਆਰ ਚੁੱਕਣ ਨਾਲ ਇਸ ਖੇਤਰ ਵਿੱਚ ਅੱਸੀ ਅਤੇ ਨੱਬੇ ਦੇ ਦਹਾਕੇ ਵਾਲੀ ਗੰਭੀਰ ਸਥਿਤੀ ਵੀ ਬਣ ਸਕਦੀ ਹੈ।

ਦੂਜੇ ਪਾਸੇ ਸੰਪੂਰਨ ਭਾਰਤ ਵਿੱਚ ਮੁਸਲਮਾਨਾਂ ਨੂੰ ਭਰੋਸਾ ਦੇਣ ਦੇ ਬਾਵਜੂਦ ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਉਨ੍ਹਾਂ ਲਈ ਨਵੀਂ ਸਿਰਦਰਦੀ ਪੈਦਾ ਹੋ ਗਈ ਹੈ। ਇਸ ਲਈ ਸਮੇਂ ਦੀ ਮੰਗ ਹੈ ਕਿ ਮੁੱਦਿਆਂ ਦੀ ਗੰਭੀਰਤਾ ਸਮਝੀ ਜਾਵੇ ਅਤੇ ਇਸ ਦੇ ਹੱਲ ਲਈ ਸਮਾਂ ਬੱਧ ਕਦਮ ਚੁੱਕੇ ਜਾਣ ਅਤੇ ਪਹਿਲ ਐਨ ਡੀ ਏ ਸਰਕਾਰ ਨੂੰ ਕਰਨੀ ਹੋਵੇਗੀ। ਸਖਤ ਉਪਾਵਾਂ ਦੀ ਥਾਂ ਉਸ ਨੂੰ ਮਨੁੱਖੀ ਉਪਾਅ ਕਰਨੇ ਹੋਣਗੇ। ਨਾਗਰਿਕਤਾ ਦਾ ਵਿਚਾਰ ਸੂਬੇ ਦੇ ਢਾਂਚੇ ਵਿੱਚ ਹੈ, ਜਿੱਥੇ ਨਾਗਰਿਕਤਾ ਨਾਲ ਵਿਅਕਤੀ ਨੂੰ ਕਿਸੇ ਦੇਸ਼ ਵਿੱਚ ਰਹਿਣ ਦਾ ਅਧਿਕਾਰ ਮਿਲਦਾ ਹੈ। ਸਰਕਾਰ ਨੂੰ ਇਸ ਖਦਸ਼ੇ ਨੂੰ ਦੂਰ ਕਰਨਾ ਹੋਵੇਗਾ ਕਿ ਧਾਰਮਿਕ ਆਧਾਰ 'ਤੇ ਉਨ੍ਹਾਂ ਦੀ ਨਾਗਰਿਕਤਾ ਨਹੀਂ ਖੋਹੀ ਜਾ ਰਹੀ, ਕਿਉਂਕਿ ਲੋਕ ਪੰਚਿੰਗ ਬੈਗ ਨਹੀਂ ਹਨ। ਸਰਕਾਰ ਲਈ ਇਹ ਕਾਨੂੰਨ ਮਧੂਮੱਖੀਆਂ ਦਾ ਛੱਤਾ ਸਾਬਤ ਹੋ ਰਿਹਾ ਹੈ।

# ਪੰਜਾਬ ਦੇ ਡੀ ਐਸ ਪੀ ਨੂੰ ਤੰਗ ਕਰਨਾ ਏਅਰ ਇੰਡੀਆ ਨੂੰ ਦੋ ਲੱਖ ਰੁਪਏ ਵਿੱਚ ਪਿਆ



ਜਲੰਧਰ, 18 ਦਸੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਇੱਕ ਡੀ ਐੱਸ ਪੀ ਨੂੰ ਤੰਗ ਕਰਨਾ ਏਅਰ ਇੰਡੀਆ ਨੂੰ ਦੋ ਲੱਖ ਰੁਪਏ ਪਿਆ ਹੈ ਅਤੇ ਇਸ ਦੀ ਹਰ ਪਾਸੇ ਚਰਚਾ ਹੈ।

ਕਰਤਾਰਪੁਰ ਵਿੱਚ ਤੈਨਾਤ ਡੀ ਐੱਸ ਪੀ ਸੁਰਿੰਦਰ ਪਾਲ ਨੂੰ ਇੰਗਲੈਂਡ ਦੇ ਬਰਮਿੰਘਮ ਤੋਂ ਵਾਪਸੀ ਸਮੇਂ ਕਨਫਰਮ ਟਿਕਟ ਦੇ ਬਾਵਜੂਦ ਨਵੀਂ ਦਿੱਲੀ ਤੋਂ ਅੰਮ੍ਰਿਤਸਰ ਦੀ ਫਲਾਈਟ ਵਿੱਚ ਨਹੀਂ ਬੈਠਣ ਦਿੱਤਾ ਗਿਆ ਸੀ। ਉਨ੍ਹਾਂ ਨੇ ਸੀਨੀਅਰ ਅਫਸਰਾਂ ਨਾਲ ਵੀ ਗੱਲ ਕੀਤੀ, ਪ੍ਰੰਤੂ ਸੁਣਵਾਈ ਨਹੀਂ ਹੋਈ ਅਤੇ ਉਨ੍ਹਾਂ ਨੂੰ ਅਗਲੇ ਦਿਨ ਦੀ ਡੋਮੈਸਟਿਕ ਫਲਾਈਟ ਵਿੱਚ ਆਉਣਾ ਪਿਆ। ਫਿਰ ਉਨ੍ਹਾਂ ਕੰਜ਼ਿਊਮਰ ਫੋਰਮ ਨੂੰ ਸ਼ਿਕਾਇਤ ਕਰ ਦਿੱਤੀ। ਫੋਰਮ ਨੇ ਏਅਰ ਇੰਡੀਆ ਨੂੰ ਦੋ ਲੱਖ ਰੁਪਏ ਹਰਜਾਨਾ ਦੇਣ ਦੇ ਹੁਕਮ ਦਿੱਤੇ।

ਜਲੰਧਰ ਦਿਹਾਤੀ ਪੁਲਸ ਦੇ ਡੀ ਐੱਸ ਪੀ ਕਰਤਾਰਪੁਰ ਤੈਨਾਤ ਸੁਰਿੰਦਰ ਪਾਲ ਵਾਸੀ 57 ਵਿਵੇਕ ਵਿਹਾਰ, ਮਕਸੂਦਾਂ ਨੇ ਕੰਜ਼ਿਊਮਰ ਫੋਰਮ ਨੂੰ ਦੱਸਿਆ ਕਿ ਏਅਰ ਇੰਡੀਆ ਦਾ ਬ੍ਰਾਂਚ ਆਫਿਸ ਸਿਵਲ ਲਾਈਨਜ਼ ਜਲੰਧਰ ਵਿੱਚ ਹੈ ਅਤੇ ਉਨ੍ਹਾਂ ਨੇ ਏਅਰ ਇੰਡੀਆ ਤੋਂ ਵਿਦੇਸ਼ੀ ਦੌਰੇ ਦੀ ਟਿਕਟ ਬੁਕ ਕਰਾਈ ਸੀ ਅਤੇ ਯੂ ਕੇ ਤੋਂ ਭਾਰਤ ਜਦੋਂ ਵਾਪਸ ਆਉਣਾ ਸੀ ਤਾਂ ਉਨ੍ਹਾਂ ਕੋਲ ਬਰਮਿੰਘਮ ਤੋਂ ਨਵੀਂ ਦਿੱਲੀ ਦੀ ਫਲਾਈਟ ਵਿੱਚ ਕਨਫਰਮ ਟਿਕਟ ਸੀ। ਉਨ੍ਹਾਂ ਨੇ 20 ਅਗਸਤ ਨੂੰ ਬਰਮਿੰਘਮ ਤੋਂ ਨਵੀਂ ਦਿੱਲੀ ਪਹੁੰਚਣਾ ਤੇ ਉਥੋਂ ਅੰਮ੍ਰਿਤਸਰ ਆਉਣਾ ਸੀ। ਇਹ ਟਿਕਟ ਉਨ੍ਹਾਂ ਨੇ 23 ਜੂਨ 2017 ਨੂੰ ਬੁੱਕ ਕੀਤੀ ਸੀ। ਉਨ੍ਹਾਂ ਨੂੰ ਸੰਦੇਸ਼ ਆਇਆ ਕਿ 21 ਅਗਸਤ ਨੂੰ ਡਿਊਟੀ ਜੁਆਇਨ ਕਰਨੀ ਹੈ, ਇਲਾਕੇ ਦੀ ਅਮਨ ਕਾਨੂੰਨ ਦੀ ਸਥਿਤੀ ਵਿਗੜਨ ਕਾਰਨ ਉਨ੍ਹਾਂ ਨੂੰ ਤੁਰੰਤ ਹੁਕਮ ਹੋਇਆ ਸੀ। ਉਨ੍ਹਾਂ ਨੇ ਯਾਤਰਾ ਨੂੰ ਰੀਸ਼ਡਿਊਲਡ ਕਰ ਕੇ ਨਵੀਂ ਦਿੱਲੀ ਤੋਂ ਬਦਲਵੀਂ ਟਿਕਟ ਉਸੇ ਫਲਾਈਟ ਦੀ ਬੁਕ ਕਰਵਾਈ, ਜਿਸ ਵਿੱਚ ਉਹ ਬਰਮਿੰਘਮ ਤੋਂ ਨਵੀਂ ਦਿੱਲੀ ਆ ਰਹੇ ਸਨ। ਇਹ ਫਲਾਈਟ ਨਵੀਂ ਦਿੱਲੀ ਤੋਂ ਨਿਕਲ ਕੇ ਰਾਤ ਨੂੰ ਹੀ ਸਵਾ ਇੱਕ ਵਜੇ ਅੰਮ੍ਰਿਤਸਰ ਪਹੁੰਚਣੀ ਸੀ। ਉਨ੍ਹਾਂ ਦੀ ਫੈਮਿਲੀ ਵੀ ਰਾਤ ਡੇਢ ਵਜੇ ਉਨ੍ਹਾਂ ਨੂੰ ਲੈਣ ਅੰਮ੍ਰਿਤਸਰ ਏਅਰਪੋਰਟ ਪੁੱਜ ਗਈ। ਬਰਮਿੰਘਮ ਤੋਂ ਉਨ੍ਹਾਂ ਨੇ ਇਸੇ ਫਲਾਈਟ ਵਿੱਚ ਅੰਮ੍ਰਿਤਸਰ ਆਉਣਾ ਸੀ, ਇਸ ਲਈ ਦਿੱਲੀ ਪਹੁੰਚ ਕੇ ਵਿੱਚ ਬੈਠੇ ਰਹੇ। ਇਸੇ ਦੌਰਾਨ ਏਅਰ ਇੰਡੀਆ ਸਟਾਫ ਆਇਆ ਅਤੇ ਉਨ੍ਹਾਂ ਨੂੰ ਸੀਟ ਖਾਲੀ ਕਰਨ ਲਈ ਕਿਹਾ ਤੇ ਦੱਸਿਆ ਕਿ ਉਨ੍ਹਾਂ ਦੀ ਸੀਟ ਸਿਰਫ ਨਵੀਂ ਦਿੱਲੀ ਤੱਕ ਸੀ ਅਤੇ ਉਥੋਂ ਕਿਸੇ ਦੂਸਰੇ ਯਾਤਰੀ ਨੂੰ ਸੀਟ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਡਿਊਟੀ ਜੁਆਇਨ ਕਰਨੀ ਹੈ ਤੇ ਉਨ੍ਹਾਂ ਕੋਲ ਅੰਮ੍ਰਿਤਸਰ ਤੱਕ ਦੀ ਕਨਫਰਮ ਬੁਕਿੰਗ ਹੈ। ਏਅਰ ਲਾਈਨ ਨੇ ਗਲਤੀ ਮੰਨੀ, ਪ੍ਰੰਤੂ ਫਲਾਈਟ ਵਿੱਚ ਨਹੀਂ ਬੈਠਣ ਦਿੱਤਾ। ਉਨ੍ਹਾਂ ਦਾ ਸਾਮਾਨ ਵੀ ਦਿੱਲੀ ਲਾਹ ਦਿੱਤਾ ਗਿਆ। ਉਨ੍ਹਾਂ ਨੇ ਸੀਨੀਅਰ ਅਧਿਕਾਰੀਆਂ ਨਾਲ ਸੰਪਰਕ ਕੀਤਾ, ਪਰ ਮਾਮਲਾ ਹੱਲ ਨਹੀਂ ਹੋਇਆ ਤੇ ਫਲਾਈਟ ਮਿਸ ਹੋ ਗਈ। ਇਸ ਦੇ ਬਾਅਦ ਉਨ੍ਹਾਂ ਨੂੰ ਅਗਲੇ ਦਿਨ ਸ਼ਾਮ ਨੂੰ ਸਵਾ ਪੰਜ ਵਾਲੀ ਫਲਾਈਟ ਵਿੱਚ ਬਿਠਾਇਆ ਗਿਆ। ਇਸ ਕਾਰਨ ਉਹ 21 ਅਗਸਤ ਨੂੰ ਡਿਊਟੀ ਜੁਆਇਨ ਨਹੀਂ ਕਰ ਸਕੇ।

ਕੰਜ਼ਿਊਮਰ ਫੋਰਮ ਨੇ ਨੋਟਿਸ ਕੱਢਿਆ ਤਾਂ ਏਅਰ ਇੰਡੀਆ ਨੇ ਜਵਾਬ ਦਿੱਤਾ ਕਿ ਸ਼ਿਕਾਇਤ ਕਰਤਾ ਦਾ ਟਿਕਟ ਬਰਮਿੰਘਮ ਤੋਂ ਨਵੀਂ ਦਿੱਲੀ ਤੱਕ ਸੀ ਅਤੇ ਪਾਸ ਦਿੰਦੇ ਹੋਏ ਸਾਫ ਕੀਤਾ ਸੀ ਕਿ ਨਵੀਂ ਦਿੱਲੀ ਤੋਂ ਅਗਲੀ ਡੋਮੈਸਟਿਕ ਫਲਾਈਟ ਵਿੱਚ ਅੰਮ੍ਰਿਤਸਰ ਭੇਜਿਆ ਜਾਵੇਗਾ, ਪ੍ਰੰਤੂ ਉਨ੍ਹਾਂ ਨੇ ਇਸ ਤੋਂ ਨਾਂਹ ਕਰ ਦਿੱਤੀ। ਫੋਰਮ ਦੇ ਪ੍ਰੈਜ਼ੀਡੈਂਟ ਕਰਨੈਲ ਸਿੰਘ ਤੇ ਮੈਂਬਰ ਜਯੋਤਸਨਾ ਨੇ ਦੋਵਾਂ ਧਿਰਾਂ ਨੂੰ ਸੁਣਨ ਪਿੱਛੋਂ ਕਿਹਾ ਕਿ ਦਸਤਾਵੇਜ਼ਾਂ ਤੋਂ ਸਪੱਸ਼ਟ ਹੈ ਕਿ ਸ਼ਿਕਾਇਤ ਕਰਤਾ ਨੇ ਐਕਸਚੇਂਜ ਟਿਕਟ ਲਈ ਸੀ ਤੇ ਉਸ ਵਿੱਚ ਕਿਤੇ ਵੀ ਇਹ ਨਹੀਂ ਲਿਖਿਆ ਸੀ ਕਿ ਨਵੀਂ ਦਿੱਲੀ ਤੋਂ ਉਨ੍ਹਾਂ ਨੂੰ ਫਲਾਈਟ ਵਿੱਚ ਨਹੀਂ ਬੈਠਣ ਦਿੱਤਾ ਜਾਣਾ। ਕਨਫਰਮ ਟਿਕਟ ਹੋਣ ਕਾਰਨ ਇਹ ਉਨ੍ਹਾਂ ਦਾ ਅਧਿਕਾਰ ਸੀ। ਉਨ੍ਹਾਂ ਨੇ ਏਅਰ ਇੰਡੀਆ ਨੂੰ ਹੁਕਮ ਦਿੱਤਾ ਕਿ ਉਹ ਸ਼ਿਕਾਇਤ ਕਰਤਾ ਨੂੰ ਹਰਜਾਨੇ ਅਤੇ ਕੇਸ ਖਰਚ ਦੇ ਤੌਰ 'ਤੇ ਦੋ ਲੱਖ ਰੁਪਏ ਦੇਵੇ। ਇਸ ਦੇ ਲਈ ਹੁਕਮ ਮਿਲਣ ਦੇ ਬਾਅਦ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ।

## ਪਰਾਲੀ ਦੇ ਮੁਆਵਜ਼ੇ ਦਾ ਮਾਮਲਾ

# ਗਲਤ ਫਾਰਮ ਤਸਦੀਕ ਕਰਨ ਵਾਲੇ ਸਰਪੰਚਾਂ ਵਿਰੁੱਧ ਕਾਰਵਾਈ ਦੇ ਹੁਕਮ

ਚੰਡੀਗੜ੍ਹ, 18 ਦਸੰਬਰ (ਪੋਸਟ ਬਿਊਰੋ)- ਝੋਨੇ ਦੀ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਪੰਜਾਬ ਸਰਕਾਰ ਨੇ ਮੁਆਵਜ਼ੇ ਵਜੋਂ 2500 ਰੁਪਏ ਪ੍ਰਤੀ ਏਕੜ ਦੇਣ ਦਾ ਐਲਾਨ ਕੀਤਾ ਸੀ, ਜਿਸ ਬਾਰੇ ਪਿੰਡਾਂ 'ਚ ਕਿਸਾਨਾਂ ਵੱਲੋਂ ਧੜਾਧੜ ਇਹ ਰਾਸ਼ੀ ਲੈਣ ਲਈ ਫਾਰਮ ਭਰ ਕੇ ਸਰਕਾਰ ਨੂੰ ਭੇਜੇ ਗਏ ਹਨ। ਸਰਕਾਰ ਵੱਲੋਂ ਇਹ ਐਲਾਨ ਸੀ ਕਿ ਇਹ 2500 ਰੁਪਏ ਪ੍ਰਤੀ ਏਕੜ ਰਾਸ਼ੀ ਉਨ੍ਹਾਂ ਕਿਸਾਨਾਂ ਨੂੰ ਮਿਲੇਗੀ, ਜਿਨ੍ਹਾਂ ਨੇ ਖੇਤਾਂ ਵਿੱਚ ਅੱਗ ਨਹੀਂ ਲਾਈ, ਇਸ ਦੇ ਬਾਵਜੂਦ ਪਿੰਡਾਂ 'ਚ ਉਨ੍ਹਾਂ ਕਿਸਾਨਾਂ ਨੇ ਵੀ ਫਾਰਮ ਭਰ ਦਿੱਤੇ ਜਿਨ੍ਹਾਂ ਨੇ ਪਰਾਲੀ ਨੂੰ ਅੱਗ ਲਾਈ ਸੀ ਅਤੇ ਕਈ ਅਜਿਹੇ ਕੇਸ ਸਾਹਮਣੇ ਆਏ, ਜਿਨ੍ਹਾਂ ਦਾ ਪਿੰਡ 'ਚ ਖੇਤੀਬਾੜੀ ਲਈ ਜ਼ਮੀਨ ਉਨ੍ਹਾਂ ਨਾਂਅ ਉੱਤੇ ਨਹੀਂ ਹੈ।

ਪਤਾ ਲੱਗਾ ਹੈ ਕਿ ਪਿੰਡਾਂ ਵਿੱਚ ਪਰਾਲੀ ਨਾ ਸਾੜਨ ਬਦਲੇ ਮੁਆਵਜ਼ੇ ਦੀ ਰਾਸ਼ੀ ਲੈਣ ਲਈ ਕਿਸਾਨਾਂ ਨੇ ਫਾਰਮ ਭਰ ਕੇ ਸਰਪੰਚਾਂ ਤੋਂ ਤਸਦੀਕ ਕਰਵਾਏ ਅਤੇ ਇਹ ਬਲਾਕ ਪੰਚਾਇਤ ਦਫਤਰ ਜਮ੍ਹਾ ਕਰਵਾ ਦਿੱਤੇ। ਬਲਾਕ ਪੰਚਾਇਤ ਦਫਤਰ 'ਚ ਜਮ੍ਹਾ ਹੋਏ ਫਾਰਮਾਂ ਨੂੰ ਤਸਦੀਕ ਲਈ ਅਧਿਕਾਰੀਆਂ ਨੇ ਇਹ ਫਾਰਮ ਪਿੰਡਾਂ ਦੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਭੇਜ ਦਿੱਤੇ ਤਾਂ ਜੋ ਪਤਾ ਲੱਗ ਸਕੇ ਕਿ ਇਸ ਕਿਸਾਨ ਕੋਲ ਕਿੰਨੀ ਜ਼ਮੀਨ ਹੈ, ਕਿਉਂਕਿ ਪੰਜ ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨ ਨੂੰ ਇਹ ਰਾਸ਼ੀ ਨਹੀਂ ਮਿਲੇਗੀ। ਇਸ ਤੋਂ ਇਲਾਵਾ ਖੇਤੀਬਾੜੀ ਸਭਾਵਾਂ ਵੱਲੋਂ ਫਾਰਮ ਭਰਮ ਵਾਲੇ ਕਿਸਾਨਾਂ ਦੀ ਜਾਣਕਾਰੀ ਪੋਰਟਲ 'ਤੇ ਦਰਜ ਕੀਤੀ ਜਾਂਦੀ ਹੈ ਜਿੱਥੋਂ ਪਤਾ ਚੱਲਦਾ ਹੈ ਕਿ ਜਿਹੜੇ ਕਿਸਾਨਾਂ ਨੇ ਫਾਰਮ ਭਰੇ ਹਨ ਕਿ ਉਨ੍ਹਾਂ ਕੋਲ ਕਿੰਨੀ ਜ਼ਮੀਨ ਹੈ ਅਤੇ ਕੀ ਉਨ੍ਹਾਂ ਪਰਾਲੀ ਨੂੰ ਅੱਗ ਲਾਈ ਹੈ ਜਾਂ ਨਹੀਂ।

ਕਿਸਾਨਾਂ ਵੱਲੋਂ ਭਰੇ ਗਏ ਮੁਆਵਜ਼ੇ ਦੀ ਰਾਸ਼ੀ ਲਈ ਜੋ ਸੱਚਾਈ ਸਾਹਮਣੇ ਆ ਰਹੀ ਹੈ, ਉਸ ਵਿੱਚ ਪੰਜਾਹ ਫੀਸਦੀ ਕਿਸਾਨ ਅਜਿਹੇ ਨਿਕਲੇ ਹਨ, ਜੋ ਇਹ ਰਾਸ਼ੀ ਲੈਣ ਦੇ ਯੋਗ ਨਹੀਂ ਜਿਸ 'ਤੇ ਪੰਜਾਬ ਸਰਕਾਰ ਦੇ ਪੰਚਾਇਤ ਵਿਭਾਗ ਨੇ ਅਧਿਕਾਰੀਆਂ ਨੂੰ ਪੱਤਰ ਜਾਰੀ ਕਰ ਕੇ ਨਿਰਦੇਸ਼ ਦਿੱਤੇ ਹਨ ਕਿ ਜਿਨ੍ਹਾਂ ਪਿੰਡਾਂ 'ਚ ਸਰਪੰਚਾਂ ਨੇ ਪਰਾਲੀ ਸਾੜਨ ਦੇ ਬਾਵਜੂਦ ਤੇ ਬੇਜ਼ਮੀਨੇ ਕਿਸਾਨਾਂ ਦੇ ਜਾਅਲੀ ਫਾਰਮ ਤਸਦੀਕ ਕੀਤੇ ਹਨ, ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇ।

# ਗੋਰਾਇਆ ਦੇ ਨੌਜਵਾਨ ਦਾ ਦੁਬਈ ਵਿੱਚ ਕਤਲ, ਗਲੀ ਹੋਈ ਲਾਸ਼ ਮਿਲੀ



ਗਗਨਦੀਪ ਦੇ ਪਰਿਵਾਰਕ ਮੈਂਬਰ।

ਗੋਰਾਇਆ, 18 ਦਸੰਬਰ (ਪੋਸਟ ਬਿਊਰੋ)- ਰੋਜ਼ੀ ਖਾਤਰ ਦੁਬਈ ਗਏ ਗੋਰਾਇਆ ਦੇ ਪਿੰਡ ਸਰਗੁੰਦੀ ਦੇ ਵਸਨੀਕ 24 ਸਾਲਾ ਨੌਜਵਾਨ ਗਗਨਦੀਪ ਬੰਗਾ ਦੀ ਦੁਬਈ ਵਿੱਚ ਹੱਤਿਆ ਕਰ ਦੇਣ ਦਾ ਪਤਾ ਲੱਗਾ ਹੈ। ਪੁਲਸ ਨੇ ਉਕਤ ਨੌਜਵਾਨ ਦੀ ਗਲੀ-ਸੜੀ ਲਾਸ਼ ਬਰਾਮਦ ਕੀਤੀ ਹੈ। ਗਗਨਦੀਪ ਕਰੀਬ 8 ਮਹੀਨੇ ਪਹਿਲਾਂ ਦੁਬਈ ਗਿਆ ਸੀ।

ਮਿਲੀ ਜਾਣਕਾਰੀ ਮੁਤਾਬਕ ਗਗਨਦੀਪ ਚਾਰ ਭਰਾ-ਭੈਣ ਹਨ। ਉਸ ਦੀ ਇਕ ਭੈਣ ਪੰਜਾਬ ਪੁਲਸ ਵਿੱਚ ਹੈ, ਜਦ ਕਿ ਇਕ ਭੈਣ ਦੁਬਈ ਵਿੱਚ ਰਹਿੰਦੀ ਹੈ। ਛੋਟਾ ਭਰਾ ਸ਼ਟਰਿੰਗ ਦਾ ਕੰਮ ਕਰਦਾ ਹੈ। ਨੌਜਵਾਨ ਦੀ ਮੌਤ ਹੋਣ ਬਾਰੇ ਉਸ ਦੇ ਪਰਿਵਾਰ ਨੂੰ ਸੋਮਵਾਰ ਨੂੰ ਫੋਨ ਰਾਹੀਂ ਦੁਬਈ ਵਿਖੇ ਰਹਿੰਦੀ ਭੈਣ ਤੋਂ ਪਤਾ ਲੱਗਾ। ਮ੍ਰਿਤਕ ਨੌਜਵਾਨ ਦੇ ਪਿਤਾ ਦੇਸਰਾਜ ਨੇ ਦੱਸਿਆ ਕਿ ਉਨ੍ਹਾਂ ਨੇ ਇਕ ਲੱਖ ਦੇ ਕਰੀਬ ਪੈਸਾ ਖਰਚ ਕੇ 17 ਅਪ੍ਰੈਲ 2019 ਨੂੰ ਗਗਨਦੀਪ ਨੂੰ ਦੁਬਈ ਦੇ ਸੋਨਾਪੁਰ ਵਿੱਚ ਪਲੰਬਰ ਦੇ ਕੰਮ ਵਿੱਚ ਭੇਜਿਆ ਸੀ। ਕਰੀਬ ਚਾਰ ਮਹੀਨਿਆਂ ਤੱਕ ਉਸ ਨੇ ਕੰਪਨੀ ਵਿੱਚ ਕੰਮ ਕੀਤਾ। ਫਿਰ ਉਸ ਨੂੰ ਤੰਗ ਕੀਤਾ ਜਾਣ ਲੱਗਾ ਅਤੇ ਪੈਸੇ ਵੀ ਨਹੀਂ ਦੇ ਰਹੀ ਸੀ। ਇਸੇ ਕਰਕੇ ਉਸ ਨੇ ਕੰਪਨੀ ਛੱਡ ਦਿੱਤੀ ਤੇ ਕੰਪਨੀ ਤੋਂ ਬਾਹਰ ਕੰਮ ਕਰਨ ਲੱਗਾ। 15 ਅਗਸਤ ਨੂੰ ਉਸ ਦਾ ਆਖਰੀ ਫੋਨ ਆਇਆ ਤੇ ਉਸ ਤੋਂ ਬਾਅਦ ਉਸ ਦਾ ਕੋਈ ਸੰਪਰਕ ਨਹੀਂ ਹੋ ਸਕਿਆ। ਵਟਸਐਪ ਉੱਤੇ ਵੀ ਕਾਫੀ ਮੈਸੇਜ ਭੇਜੇ ਗਏ, ਪਰ ਕੋਈ ਮੈਸੇਜ ਨਹੀਂ ਦੇਖਿਆ।

ਉਸ ਦੇ ਪਿਤਾ ਨੇ ਦੱਸਿਆ ਕਿ ਗਗਨਦੀਪ ਦੀ ਭਾਲ ਵਿੱਚ ਉਨ੍ਹਾਂ ਦਾ ਛੋਟਾ ਪੁੱਤਰ ਪਵਨਦੀਪ ਸਿੰਘ 27 ਸਤੰਬਰ ਨੂੰ ਟੂਰਿਸਟ ਵੀਜ਼ੇ ਉੱਤੇ ਦੁਬਈ ਗਿਆ ਸੀ, ਪਰ ਕੋਈ ਸੁਰਾਗ ਨਾ ਮਿਲ ਸਕਿਆ। ਫਿਰ ਉਹ 23 ਅਕਤੂਬਰ ਨੂੰ ਵਾਪਸ ਇਥੇ ਆ ਗਿਆ। ਪਵਨਦੀਪ ਨੇ ਦੱਸਿਆ ਕਿ ਸੋਮਵਾਰ ਦੁਬਈ ਵਿੱਚ ਰਹਿੰਦੀ ਉਸ ਦੀ ਭੈਣ ਨੇ ਨੌਜਵਾਨ ਦੀ ਮੌਤ ਸਬੰਧੀ ਪਰਿਵਾਰ ਨੂੰ ਜਾਣਕਾਰੀ ਦਿੱਤੀ। ਉਸ ਨੇ ਦੱਸਿਆ ਕਿ ਭੈਣ ਨੇ ਪੁਲਸ ਵਿੱਚ ਸ਼ਿਕਾਇਤ ਦਿੱਤੀ ਸੀ, ਜਿਸ ਤੋਂ ਬਾਅਦ ਜਦੋਂ ਪੁਲਸ ਨੂੰ ਲਾਸ਼ ਬਰਾਮਦ ਹੋਈ ਤਾਂ ਉਨ੍ਹਾਂ ਨੇ ਭੈਣ ਨੂੰ ਫੋਨ ਕੀਤਾ ਅਤੇ ਲਾਸ਼ ਬਾਰੇ ਦੱਸਿਆ। ਲਾਸ਼ ਦੀ ਹਾਲਤ ਬੇਹੱਦ ਮਾੜੀ ਹੋ ਚੁੱਕੀ ਸੀ ਅਤੇ ਭੈਣ ਦਾ ਡੀ ਐੱਨ ਏ ਟੈਸਟ ਕਰਨ 'ਤੇ ਗਗਨਦੀਪ ਦੀ ਪਛਾਣ ਹੋਈ। ਉਸ ਨੇ ਦੱਸਿਆ ਕਿ ਗਗਨਦੀਪ ਦੀ ਲਾਸ਼ ਪੁਲਸ ਨੇ ਰੰਭਲ ਵਿੱਚੋਂ ਬਰਾਮਦ ਕੀਤੀ ਸੀ। ਉਸ ਦੀ ਹਾਲਤ ਕਾਫੀ ਖਰਾਬ ਹੋ ਚੁੱਕੀ ਸੀ।

# ਨਾਗਰਿਕਤਾ ਸੋਧ ਕਾਨੂੰਨ ਪੰਜਾਬ ਵਿੱਚ ਲਾਗੂ ਨਾ ਕਰਨ ਉਤੇ ਜ਼ਿਲ੍ਹਾ ਭਾਜਪਾ ਨੇ ਕੈਪਟਨ ਦਾ ਪੁਤਲਾ ਸਾੜਿਆ



ਜਲੰਧਰ, 18 ਦਸੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਨਾਗਰਿਕਤਾ ਸੋਧ ਬਿੱਲ ਦਾ ਵਿਰੋਧ ਕਰਨ ਅਤੇ ਪੰਜਾਬ ਵਿੱਚ ਉਸ ਨੂੰ ਲਾਗੂ ਨਾ ਕਰਨ ਉੱਤੇ ਭਾਰਤੀ ਜਨਤਾ ਪਾਰਟੀ ਨੇ ਜ਼ਿਲ੍ਹਾ ਪ੍ਰਧਾਨ ਰਮਨ ਪਬੀ ਦੀ ਅਗਵਾਈ ਹੇਠ ਕੱਲ੍ਹ ਰਾਜ ਸਰਕਾਰ ਦਾ ਪੁਤਲਾ ਸਾੜਿਆ ਅਤੇ ਰੋਸ ਪ੍ਰਗਟ ਕੀਤਾ ਹੈ।

ਜ਼ਿਲ੍ਹਾ ਪ੍ਰਧਾਨ ਰਮਨ ਪਬੀ ਨੇ ਕਿਹਾ ਕਿ ਇਹ ਕਾਨੂੰਨ ਦੇਸ਼ ਅਤੇ ਦੇਸ਼ ਦੇ ਕਿਸੇ ਵੀ ਨਾਗਰਿਕ ਦੇ ਖ਼ਿਲਾਫ਼ ਨਹੀਂ ਤੇ ਲੋਕਾਂ ਨੂੰ ਪੰਜਾਬ ਸਰਕਾਰ ਦੇ ਭੁਚਲਾਵੇ ਵਿੱਚ ਨਹੀਂ ਪੈਣਾ ਚਾਹੀਦਾ। ਕੇਂਦਰ ਸਰਕਾਰ ਲੋਕਾਂ ਦੇ ਭਲੇ ਲਈ ਕੰਮ ਕਰ ਰਹੀ ਹੈ ਤੇ ਸਾਨੂੰ ਉਨ੍ਹਾਂ ਦੇ ਬਣਾਏ ਕਾਨੂੰਨ ਦਾ ਸਨਮਾਨ ਕਰਨਾ ਅਤੇ ਚੰਗੇ ਨਾਗਰਿਕ ਹੋਣ ਦਾ ਕਰਤੱਵ ਨਿਭਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਾਂਗਰਸ ਸਰਕਾਰ ਨੇ ਹਮੇਸ਼ਾ ਦੇਸ਼ ਦੇ ਵਿਕਾਸ ਲਈ ਬਣਾਏ ਜਾਂਦੇ ਕਾਨੂੰਨਾਂ ਦੇ ਰਸਤੇ ਵਿੱਚ ਅੜਚਣਾਂ ਪੈਦਾ ਕੀਤੀਆਂ ਹਨ ਅਤੇ ਅੱਜ ਵੀ ਦੇਸ਼ਵਾਸੀਆਂ ਨੂੰ ਭੜਕਾ ਕੇ ਮਾਹੌਲ ਖ਼ਰਾਬ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਕਾਂਗਰਸ ਦੇ ਭੁਚਲਾਵੇ ਵਿੱਚ ਨਹੀਂ ਆਉਣਾ ਚਾਹੀਦਾ।

# ਗੁਰੂ ਨਾਨਕ ਦੇਵ ਜੀ ਬਾਰੇ ਇਤਰਾਜ਼ ਯੋਗ ਗੱਲਾਂ ਕਰਨ ਦਾ ਅਕਾਲ ਤਖ਼ਤ ਵੱਲੋਂ ਨੋਟਿਸ

ਅੰਮ੍ਰਿਤਸਰ, 18 ਦਸੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਦਿਵਸ ਬਾਰੇ ਇਤਰਾਜ਼ ਯੋਗ ਤੱਥ ਪੇਸ਼ ਕਰਨ ਵਾਲੇ ਸਿੱਖ ਪ੍ਰਚਾਰਕ ਹਰਿੰਦਰ ਸਿੰਘ ਖਾਲਸਾ ਨੂੰ ਕੱਲ੍ਹ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਾੜਨਾ ਕੀਤੀ ਹੈ ਕਿ ਉਹ ਗੁਰ-ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਨਾ ਕਰਨ।

ਇਸ ਬਾਰੇ ਦਮਦਮੀ ਟਕਸਾਲ ਦੇ ਬੁਲਾਰੇ ਸਰਚਾਂਦ ਸਿੰਘ ਨੇ ਜਥੇਦਾਰ ਅਕਾਲ ਤਖ਼ਤ ਨੂੰ ਸ਼ਿਕਾਇਤ ਕੀਤੀ ਸੀ ਅਤੇ ਸਬੂਤ ਵਜੋਂ ਇਸ ਪ੍ਰਚਾਰਕ ਦੀ ਆਡੀਓ ਵੀ ਭੇਜੀ ਸੀ। ਇਸ ਕੇਸ ਦਾ ਗੰਭੀਰ ਨੋਟਿਸ ਲੈਂਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਅਜਿਹੇ ਸਿੱਖ ਪ੍ਰਚਾਰਕ ਨੂੰ ਤਾੜਨਾ ਕੀਤੀ ਹੈ ਕਿ ਉਹ ਝੂਠੀ ਸ਼ੋਹਰਤ ਖ਼ਤਰ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨ ਤੋਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਇੰਗਲੈਂਡ ਵਿੱਚ ਹਰਿੰਦਰ ਸਿੰਘ ਨਾਂ ਦੇ ਇਸ ਪ੍ਰਚਾਰਕ ਵੱਲੋਂ ਗੁਰੂ ਨਾਨਕ ਦੇਵ ਜੀ ਬਾਰੇ ਮਨਘੜਤ ਵਿਚਾਰ ਪੇਸ਼ ਕੀਤੇ ਹਨ, ਜਿਸ ਨਾਲ ਸਿੱਖ ਸੰਗਤ ਦੇ ਹਿਰਦਿਆਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਸਿੱਖ ਸੰਗਤ ਨੂੰ ਵੀ ਆਖਿਆ ਕਿ ਉਹ ਅਜਿਹੇ ਪ੍ਰਚਾਰਕਾਂ ਨੂੰ ਮੂੰਹ ਨਾ ਲਾਉਣ।

2019

ਸਾਕਾ ਗੜ੍ਹੀ ਚਮਕੌਰ ਅਤੇ ਸਾਕਾ ਸਰਹਿੰਦ ਵਿਖੇ ਚਾਰੇ ਸਾਹਿਬਜਾਦੇ, ਮਾਤਾ ਗੁਜਰੀ ਜੀ ਅਤੇ ਮਹਾਨ ਸਿੰਘਾਂ ਦੀਆਂ ਅਦੁੱਤੀ ਕੁਰਬਾਨੀਆਂ ਅਤੇ ਸਰਬੰਸ ਦਾਨੀ ਪਿਤਾ ਦੀ ਖਾਲਸੇ ਤੋਂ ਸਭ ਕੁੱਝ ਨਿਛਾਵਰ ਕਰਕੇ ਜੁਲਮ ਦੀ ਜੜ੍ਹ ਪੁੱਟਣ ਦੀ ਦਾਸਤਾਨ ਨੂੰ ਸਮਰਪਿਤ ।



ਦੁਖ ਰੋਗ ਨਿਵਾਰਨ ਕੈਂਪ

ਦੁਖ ਭੰਜਨੁ ਤੇਰਾ ਨਾਮੁ ਮਿਸ਼ਨ, ਕਨੇਡਾ

ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖਸ਼ਿਸ਼ਾਂ ਭਰੀ ਪਵਿੱਤਰ ਹਜੂਰੀ ਅੰਦਰ ਸੰਗਤੀ ਰੂਪ ਵਿੱਚ ਅਨੇਕਾਂ ਵੀਰ-ਭੈਣ ਗੁਰਬਾਣੀ ਵਿੱਚ ਦੱਸੀ ਵਿਧੀ ਮੁਤਾਬਕ ਗੁਰਬਾਣੀ ਗਾਉਣ, ਸੁਣਨ ਅਤੇ ਭਾਣੇ ਤੇ ਭਰੋਸੇ ਨੂੰ ਸਮਝ ਕੇ ਮਨ ਵਿੱਚ ਵਸਾਉਣ ਨਾਲ ਪਹਿਲਾਂ ਲੱਗੇ ਕੈਂਪਾਂ ਵਿੱਚ ਅਪਣੇ ਦੁੱਖਾਂ, ਰੋਗਾਂ ਤੋਂ ਛੁਟਕਾਰਾ ਪਾ ਚੁਕੇ ਹਨ ।

ਆਓ! ਹੇਠਾਂ ਦੱਸੇ ਅਨੁਸਾਰ ਲੱਗਣ ਜਾ ਰਹੇ ਕੈਂਪਾਂ ਰਾਹੀਂ ਅਪਣੇ ਦੁੱਖਾਂ, ਰੋਗਾਂ ਅਤੇ ਵਿਘਨਾਂ ਤੋਂ ਛੁਟਕਾਰਾ ਪਾਈਏ।

ਨੋਟ: ਦੁਖ ਭੰਜਨੁ ਤੇਰਾ ਨਾਮੁ ਮਿਸ਼ਨ ਮੈਡੀਕਲ ਸਾਇੰਸ ਤੋਂ ਮਿਲਣ ਵਾਲੀ ਵਡਮੁੱਲੀ ਮੱਦਦ ਦਾ ਵਿਰੋਧੀ ਨਹੀਂ ਅਤੇ ਨਾ ਹੀ ਦੁਆਈ ਛੱਡਣ ਜਾਂ ਘਟਾਉਣ ਦੀ ਸਲਾਹ ਦਿੰਦਾ ਹੈ । ਮਿਸ਼ਨ ਵਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਦੁਆਈ ਸਬੰਧੀ ਕੋਈ ਵੀ ਫੈਸਲਾ ਕੇਵਲ ਆਪਣੇ ਡਾਕਟਰ ਦੀ ਸਲਾਹ ਨਾਲ ਹੀ ਕਰੋ ਜੀ ।

**Nanaksar Gurdwara Sahib**

Gore Road, Brampton

21 Dec to 25 Dec (Saturday to Wednesday): 1:30PM to 6:30PM

**Malton Gurdwara Sahib**

26 Dec to 29 Dec (Thursday to Sunday): 1:30 PM to 6:30PM

www.DukhBhanjanTeraNaam.com

905-230-5977 • 905-781-2020 • 647-537-8246 • 416-662-3228

## ਲਿੰਗ ਨਿਰਧਾਰਨ ਟੈਸਟ ਕਰਨ ਵਾਲੇ ਰੰਗੇ ਹੱਥੀਂ ਫੜੇ ਗਏ

ਮੋਗਾ, 18 ਦਸੰਬਰ (ਪੋਸਟ ਬਿਊਰੋ)- ਹਰਿਆਣਾ ਦੇ ਸਿਰਸਾ ਤੋਂ ਪਹੁੰਚੀ ਡਾਕਟਰਾਂ ਦੀ ਟੀਮ ਨੇ ਮਿੱਤਲ ਲੈਬ ਦੇ ਪਿਛਲੇ ਹਿੱਸੇ 'ਚ ਚੱਲ ਰਹੇ ਬੀ ਐਮ ਸਕੈਨਿੰਗ ਸੈਂਟਰ 'ਚ ਲਿੰਗ ਨਿਰਧਾਰਨ ਟੈਸਟ ਕਰਨ ਵਾਲੇ ਸੈਂਟਰ ਦਾ ਪਰਦਾ ਫਾਸ਼ ਕੀਤਾ ਹੈ। ਇਸ ਟੀਮ ਨੇ ਮਾਨਸਾ ਦੇ ਸਮੋਹ ਕਸਬੇ ਦੇ ਝੋਲਾਛਾਪ ਡਾਕਟਰ ਜਸਬੀਰ ਸਿੰਘ ਜੱਸਾ ਤੇ ਉਸ ਦੀ ਅਸਿਸਟੈਂਟ ਦਾਈ ਰਵਿੰਦਰ ਕੌਰ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦ ਕਬਜ਼ੇ 'ਚੋਂ 54 ਹਜ਼ਾਰ ਰੁਪਏ ਨਕਦ ਬਰਾਮਦ ਕੀਤੇ ਹਨ। ਇਹ ਪੈਸੇ ਟੈਸਟ ਕਰਵਾਉਣ ਦੇ ਬਦਲੇ ਲਏ ਜਾਂਦੇ ਸਨ। ਦੂਸਰੇ ਰਾਜ ਤੋਂ ਆਈ ਇਸ ਟੀਮ ਦੀ ਅਗਵਾਈ ਕਰਦੇ ਸਿਰਸਾ ਦੇ ਡਾ. ਬੁੱਧਰਾਮ ਨੇ ਕਿਹਾ ਕਿ ਸਕੈਨਿੰਗ ਸੈਂਟਰ ਦਾ ਸੰਚਾਲਕ ਡਾ. ਵਰੁਣ ਮਿੱਤਲ ਫ਼ਰਾਰ ਹੋ ਗਿਆ। ਭੱਜਣ ਤੋਂ ਪਹਿਲਾਂ ਉਸ ਨੇ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਉੱਤੇ ਪਾਸਵਰਡ ਸੈੱਟ ਕਰ ਦਿੱਤਾ। ਫੁਟੇਜ ਫੋਲਣ 'ਤੇ ਵੱਡੇ ਸਕੈਂਡਲ ਦਾ ਪਰਦਾ ਫਾਸ਼ ਹੋ ਸਕਦਾ ਹੈ। ਇਸ ਦੌਰਾਨ ਸੈਂਟਰ ਦੀ ਅਲਟਰਾ ਸਾਊਂਡ ਮਸ਼ੀਨ ਨੂੰ ਸੀਲ ਕਰ ਦਿੱਤਾ ਗਿਆ ਹੈ। ਡਾ. ਬੁੱਧਰਾਮ ਨੇ ਦੱਸਿਆ ਕਿ ਸਿਵਲ ਸਰਜਨ ਦੇ ਕਹਿਣ ਉੱਤੇ ਇਹ ਟੀਮ ਬਣਾਈ ਸੀ, ਜਿਸ ਵਿੱਚ ਮੋਗਾ ਦੇ ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾ. ਰੁਪਿੰਦਰ ਕੌਰ, ਡਾ. ਗਗਨਦੀਪ ਸਿੰਘ ਅਤੇ ਟੈਕਨੀਸ਼ੀਅਨ ਓਮ ਅਰੋੜਾ ਵੀ ਸ਼ਾਮਲ ਸਨ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ

ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ

ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ

ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224



# ਨਾਗਰਿਕਤਾ ਸੋਧ ਬਿੱਲ ਸਬੰਧੀ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਮਿਲੇ 14 ਵਿਰੋਧੀ ਪਾਰਟੀਆਂ ਦੇ ਨੇਤਾ

ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਕੱਲ੍ਹ ਨਾਗਰਿਕਤਾ (ਸੋਧ) ਕਾਨੂੰਨ ਵਿਰੁੱਧ 14 ਵਿਰੋਧੀ ਪਾਰਟੀਆਂ ਦੇ ਆਗੂਆਂ ਨਾਲ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਮੰਗ ਪੱਤਰ ਸੌਂਪਣ ਪਿੱਛੋਂ ਸੋਨੀਆ ਗਾਂਧੀ ਨੇ ਕਿਹਾ ਕਿ ਸਰਕਾਰ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਆਮ ਲੋਕਾਂ ਅਤੇ ਵਿਰੋਧੀ ਪਾਰਟੀਆਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਸੰਬੰਧੀ ਸਰਕਾਰ ਨੂੰ ਕੋਈ ਸਫਲਤਾ ਨਹੀਂ ਮਿਲੇਗੀ।

ਸੋਨੀਆ ਗਾਂਧੀ ਨੇ ਕਿਹਾ ਕਿ ਅਸੀਂ ਕੌਮੀ ਰਾਜਧਾਨੀ ਦਿੱਲੀ ਸਮੇਤ ਪੂਰੇ ਦੇਸ਼ ਵਿੱਚ ਹਿੰਸਾ ਵਿਰੋਧੀ ਵਿਖਾਵਿਆਂ ਦੇ ਨਾਲ ਪੈਦਾ ਹੋਈ ਸਥਿਤੀ ਤੋਂ ਰਾਸ਼ਟਰਪਤੀ ਨੂੰ ਜਾਣੂ ਕਰਾਇਆ ਅਤੇ ਉਨ੍ਹਾਂ ਨੂੰ ਦਖਲ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾ ਨੇ ਕਿਹਾ ਕਿ ਵਿਖਾਵਿਆਂ ਦੇ ਹੋਰ ਵਧਣ ਦਾ ਡਰ ਹੈ। ਪੁਲਸ ਨੇ ਜਿਸ ਤਰ੍ਹਾਂ ਸ਼ਾਂਤਮਈ ਢੰਗ ਨਾਲ ਵਿਖਾਵਿਆਂ ਵਿਰੁੱਧ ਹਿੰਸਾ ਕੀਤੀ ਹੈ, ਉਸ ਤੋਂ ਸਾਨੂੰ ਡੂੰਘਾ ਦੁੱਖ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਪੁਲਸ ਨੇ ਵਿਦਿਆਰਥੀਆਂ ਨੂੰ ਬੁਰੀ ਤਰ੍ਹਾਂ ਕੁੱਟਿਆ, ਇਹ ਨਿਖੇਧੀ ਯੋਗ ਅਤੇ ਲੋਕਰਾਜੀ ਅਧਿਕਾਰਾਂ ਦਾ ਘਾਣ ਹੈ। ਟੀ ਐੱਮ ਸੀ ਦੇ ਨੇਤਾ ਡੈਰੇਕ ਓ ਬਰਾਇਨ ਨੇ ਕਿਹਾ ਕਿ ਅਸੀਂ ਰਾਸ਼ਟਰਪਤੀ ਨੂੰ ਬੇਨਤੀ ਕੀਤੀ ਹੈ ਕਿ ਸੰਬੰਧਤ ਬਿੱਲ ਵਾਪਸ ਲਿਆ ਜਾਏ।

ਪੱਛਮੀ ਬੰਗਾਲ ਵਿੱਚ ਜਾਰੀ ਹਿੰਸਾ ਅਤੇ ਸਾੜ ਫੂਕ ਦੀਆਂ ਘਟਨਾਵਾਂ ਨੂੰ ਇੱਕਾ-ਦੁੱਕਾ ਦੱਸਦੇ ਹੋਏ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਸੂਬੇ ਵਿੱਚ ਰੇਲ ਸੇਵਾ ਰੋਕ ਦਿੱਤੀ ਹੈ। ਇਸ ਮੌਕੇ ਪਾਰਲੀਮੈਂਟ ਵਿੱਚ ਭਾਜਪਾ ਕੋਲ ਜੇ ਮੈਂਬਰ ਵੱਧ ਹਨ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਹ ਸੂਬਿਆਂ 'ਤੇ ਕੋਈ ਕਾਨੂੰਨ ਲਾਗੂ ਕਰਨ ਲਈ ਦਬਾਅ ਪਾਏ। ਅਸੀਂ ਵੱਖ-ਵੱਖ ਘਟਨਾਵਾਂ ਵਿੱਚ ਸ਼ਾਮਲ 600 ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਅਸੀਂ ਕੇਂਦਰ ਨੂੰ ਸੂਬੇ ਵਿੱਚ ਰੇਲ ਸੇਵਾ ਬਹਾਲ ਕਰਨ ਦੀ ਬੇਨਤੀ ਕਰਦੇ ਹਾਂ।



# ਦਵਿੰਦਰਪਾਲ ਸਿੰਘ ਭੁੱਲਰ ਨੂੰ ਕੋਰਟ ਤੋਂ ਵੀ ਰਾਹਤ ਨਹੀਂ ਮਿਲੀ

ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਜਸਟਿਸ ਆਰ ਐੱਫ ਨਰੀਮਾਨ ਦੀ ਅਗਵਾਈ ਹੇਠਲੇ ਸੁਪਰੀਮ ਕੋਰਟ ਦੇ ਬੈਂਚ ਨੇ ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਦਵਿੰਦਰਪਾਲ ਸਿੰਘ ਭੁੱਲਰ ਨੂੰ ਅਜੇ ਛੱਡਿਆ ਨਾ ਜਾਵੇ।

ਵਰਨਣ ਯੋਗ ਹੈ ਕਿ ਸਤੰਬਰ 1993 ਵਿੱਚ ਇੱਕ ਬੰਬ ਧਮਾਕੇ ਦੇ ਕੇਸ ਵਿਚ ਦਵਿੰਦਰਪਾਲ ਸਿੰਘ ਭੁੱਲਰ ਜੇਲ੍ਹ ਦੀ ਸਜ਼ਾ ਕੱਟ ਰਹੇ ਹਨ। ਬੀਤੇ ਸਤੰਬਰ ਵਿੱਚ ਕੇਂਦਰ ਸਰਕਾਰ ਨੇ ਦਵਿੰਦਰਪਾਲ ਸਿੰਘ ਭੁੱਲਰ ਸਮੇਤ ਅੱਠ ਸਿੱਖ ਕੈਦੀਆਂ ਨੂੰ ਛੱਡਣ ਦੇ ਹੁਕਮ ਜਾਰੀ ਕੀਤੇ ਸਨ। ਇਹ ਐਲਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ 550ਵੀਂ ਵਰ੍ਹੇਗੰਢ ਮੌਕੇ ਕੀਤਾ ਗਿਆ ਸੀ। ਭੁੱਲਰ ਨੂੰ ਉਸ 'ਟਾਡਾ' (ਟੈਰਰਿਸਟ ਐਂਡ ਡਿਸਰਪਟਿਵ ਐਕਟੀਵਿਟੀਜ਼ (ਪ੍ਰੀਵੈਂਸ਼ਨ) ਐਕਟ) ਅਧੀਨ ਦੋਸ਼ੀ ਕਰਾਰ ਦਿੱਤਾ ਗਿਆ ਸੀ, ਇਹ ਕਾਨੂੰਨ ਅੱਜ ਕੱਲ੍ਹ ਖ਼ਤਮ ਹੋ ਚੁੱਕਾ ਹੈ। ਸਤੰਬਰ 1993 ਦੇ ਬੰਬ ਧਮਾਕੇ ਵਿੱਚ 9 ਵਿਅਕਤੀ ਮਾਰੇ ਗਏ ਤੇ 17 ਜ਼ਖ਼ਮੀ ਹੋਏ ਸਨ। ਜ਼ਖ਼ਮੀਆਂ ਵਿੱਚ ਮਨਿੰਦਰਜੀਤ ਸਿੰਘ ਬਿੱਟਾ ਵੀ ਸਨ, ਜਿਹੜੇ ਓਦੋਂ ਯੂਥ ਕਾਂਗਰਸ ਦੇ ਪ੍ਰਧਾਨ ਸਨ। ਉਨ੍ਹਾਂ ਨੇ ਪਿਛਲੇ ਦਿਨੀਂ ਸੁਪਰੀਮ ਕੋਰਟ ਵਿੱਚ ਪਟੀਸ਼ਨ ਰਾਹੀਂ ਕੇਂਦਰ ਸਰਕਾਰ ਦੇ ਉਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ, ਜਿਸ ਨਾਲ ਦਵਿੰਦਰਪਾਲ ਸਿੰਘ ਭੁੱਲਰ ਦੀ ਸਜ਼ਾ ਮਾਫ਼ ਕੀਤੀ ਗਈ ਸੀ। ਅਦਾਲਤ ਨੇ ਇਸ ਕੇਸ ਵਿੱਚ ਭੁੱਲਰ ਨੂੰ ਦੋਸ਼ੀ ਕਰਾਰ ਦੇ ਕੇ 2001 ਵਿੱਚ ਮੌਤ ਦੀ ਸਜ਼ਾ ਸੁਣਾਈ ਸੀ। ਫਿਰ 2014 ਦੌਰਾਨ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ ਗਿਆ। ਓਦੋਂ ਇਹ ਕਿਹਾ ਸੀ ਕਿ ਸਮੇਂ-ਸਮੇਂ ਦੇ ਰਾਸ਼ਟਰਪਤੀਆਂ ਨੇ ਭੁੱਲਰ ਦੀ ਮੌਤ ਦੀ ਸਜ਼ਾ ਤਬਦੀਲ ਕਰਨ ਵਿਚ ਹੱਦ ਤੋਂ ਵੱਧ ਸਮਾਂ ਲਾ ਦਿੱਤਾ ਸੀ।

ਮਨਿੰਦਰਜੀਤ ਸਿੰਘ ਬਿੱਟਾ ਨੇ ਆਪਣੀ ਪਟੀਸ਼ਨ ਵਿਚ ਇਹ ਦੋਸ਼ ਲਾਇਆ ਹੈ ਕਿ ਦਵਿੰਦਰਪਾਲ ਸਿੰਘ ਭੁੱਲਰ ਦੇ ਉੱਚ-ਪੱਧਰੀ ਸਿਆਸੀ ਸਬੰਧ ਹੋਣ ਕਰਕੇ ਉਹ ਜੇਲ੍ਹ ਅੰਦਰ ਵੀ ਕੈਦੀਆਂ ਨਾਲ ਦਰਬਾਰ ਲਾਇਆ ਕਰਦੇ ਸਨ। ਬਿੱਟਾ ਦੇ ਸੀਨੀਅਰ ਵਕੀਲ ਨਿਧੇਸ਼ ਗੁਪਤਾ ਨੇ ਅਦਾਲਤ ਨੂੰ ਦੱਸਿਆ ਕਿ ਸੁਪਰੀਮ ਕੋਰਟ ਨੇ ਜਦੋਂ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਤਾਂ ਉਸ ਦਾ ਅਰਥ ਹੈ ਕਿ ਦੋਸ਼ੀ ਨੂੰ ਸਾਰੀ ਉਮਰ ਜੇਲ੍ਹ ਵਿੱਚ ਰਹਿਣਾ ਪਵੇਗਾ, ਪਰ ਸਰਕਾਰਾਂ ਅਕਸਰ ਕੁਝ ਕੈਦੀਆਂ ਨੂੰ ਰਿਹਾਅ ਕਰਨ ਦਾ 'ਪਾਗਲਪਣ' ਕਰ ਦੇਂਦੀਆਂ ਹਨ।

# ਸਾਥੀ ਵਿਦਿਆਰਥਣਾਂ ਬਾਰੇ ਗੈਂਗਰੇਪ ਦੀਆਂ ਗੱਲਾਂ ਕਰਦੇ ਸਕੂਲੀ ਵਿਦਿਆਰਥੀ ਕਾਬੂ

ਮੁੰਬਈ, 18 ਦਸੰਬਰ (ਪੋਸਟ ਬਿਊਰੋ)- ਮੁੰਬਈ ਦੇ ਇਕ ਟਾਪ ਰੈਂਕ ਇੰਟਰਨੈਸ਼ਨਲ ਬੋਰਡ ਸਕੂਲ ਤੋਂ ਡਰਾਉਣ ਵਾਲੀ ਘਟਨਾ ਪਤਾ ਲੱਗੀ ਹੈ। ਵਿਦਿਆਰਥੀਆਂ ਦੇ ਇੱਕ ਵਟਸਐਪ ਚੈਟਿੰਗ ਗਰੁੱਪ ਵਿੱਚ ਸਾਥੀ ਵਿਦਿਆਰਥਣਾਂ ਬਾਰੇ ਕੀਤੀਆਂ ਗਈਆਂ ਗੱਲਾਂ ਨੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਵੀ ਹਿਲਾ ਕੇ ਰੱਖ ਦਿੱਤਾ ਹੈ।

ਪਤਾ ਲੱਗਾ ਹੈ ਕਿ ਇਨ੍ਹਾਂ ਮੁੰਡਿਆਂ ਨੇ ਚੈਟਿੰਗ ਦੌਰਾਨ ਕੁੜੀਆਂ ਲਈ 'ਕਚਰਾ' ਸ਼ਬਦ ਦੀ ਵਰਤੋਂ ਕੀਤੀ ਹੈ। ਇਸ ਸਕੂਲ ਵਿੱਚ ਸ਼ਹਿਰ ਦੀਆਂ ਕਈ ਨਾਮੀ ਹਸਤੀਆਂ ਦੇ ਬੱਚੇ ਪੜ੍ਹਦੇ ਹਨ। ਸਕੂਲ ਵਿੱਚ ਪੜ੍ਹਦੇ 13-14 ਸਾਲ ਦੀ ਉਮਰ ਦੇ ਵਿਦਿਆਰਥੀਆਂ ਨੇ ਆਪਣੇ ਨਾਲ ਪੜ੍ਹਦੀਆਂ ਕੁੜੀਆਂ ਦੇ ਵਾਸਤੇ ਗੈਂਗਰੇਪ ਤੱਕ ਦੀਆਂ ਗੱਲਾਂ ਚੈਟਿੰਗ ਵਿੱਚ ਲਿਖੀਆਂ ਹਨ। ਮੀਡੀਆ ਰਿਪੋਰਟਾਂ ਅਨੁਸਾਰ ਵਟਸਐਪ



ਗਰੁੱਪ ਦੀ ਚੈਟਿੰਗ ਵਿੱਚ ਕਈ ਡਰਾਉਣ ਵਾਲੀਆਂ ਗੱਲਾਂ ਦਰਜ ਹਨ।

ਇਨ੍ਹਾਂ ਸਕੂਲੀ ਵਿਦਿਆਰਥੀਆਂ ਦੀ ਵਟਸਐਪ ਚੈਟਿੰਗ ਬਾਰੇ ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਦੀ ਗੱਲਬਾਤ ਵਿੱਚ ਕਈ ਵਾਰ ਬਹੁਤ ਹਿੰਸਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਸ ਵਿੱਚ ਸਾਥੀ ਵਿਦਿਆਰਥਣਾਂ ਨਾਲ ਗੈਂਗਰੇਪ ਕਰਨ, ਸੈਕਸ ਸ਼ੋਸ਼ਣ ਨਾਲ ਜੁੜੀਆਂ ਗੱਲਾਂ ਲਿਖੀਆਂ ਹਨ। ਪੂਰੀ ਚੈਟਿੰਗ ਬੇਹੱਦ ਇਤਰਾਜ਼ ਯੋਗ ਹੈ।

ਵਰਨਣ ਯੋਗ ਹੈ ਕਿ ਇਸ ਦਾ ਖੁਲਾਸਾ ਉਦੋਂ ਹੋਇਆ, ਜਦੋਂ ਦੋ ਮਾਪਿਆਂ ਨੇ ਇਸ ਦੀ ਜਾਣਕਾਰੀ ਸਕੂਲ ਪ੍ਰਬੰਧਕਾਂ ਨੂੰ ਦਿੱਤੀ। ਇਹ ਦੋਵੇਂ ਆਪੋ-ਆਪਣੇ ਖੇਤਰ ਦੀਆਂ ਨਾਮੀ ਹਸਤੀਆਂ ਦੱਸੇ ਗਏ ਹਨ। ਇਕ ਵਿਦਿਆਰਥੀ ਦੇ ਮਾਪਿਆਂ ਨੇ ਬੇਟੇ ਦੇ ਵਟਸਐਪ ਗਰੁੱਪ ਦੀ ਚੈਟਿੰਗ ਪੜ੍ਹ ਲਈ ਸੀ। ਮੀਡੀਆ ਰਿਪੋਰਟਾਂ ਅਨੁਸਾਰ ਇਕ ਵਿਦਿਆਰਥੀ ਨੇ ਦੱਸਿਆ ਕਿ ਚੈਟਿੰਗ ਗਰੁੱਪ ਵਿੱਚ ਕੁਝ ਵਿਦਿਆਰਥੀ ਲੀਡਰ ਦੀ ਪੋਜ਼ੀਸ਼ਨ ਵਿੱਚ ਸਨ। ਵਿਦਿਆਰਥੀਆਂ ਦੇ ਮਾਪਿਆਂ ਨੇ ਇਸ ਗਰੁੱਪ ਦੀ ਚੈਟਿੰਗ ਬਾਰੇ ਸਕੂਲ ਪ੍ਰਬੰਧਕਾਂ ਨੂੰ ਜਾਣਕਾਰੀ ਦਿੱਤੀ ਤਾਂ ਪ੍ਰਬੰਧਕਾਂ ਨੇ ਤਰੁੰਤ ਚੈਟਿੰਗ ਵਿੱਚ ਸ਼ਾਮਲ 8 ਵਿਦਿਆਰਥੀਆਂ ਨੂੰ ਸਸਪੈਂਡ ਕਰ ਦਿੱਤਾ ਹੈ। ਇਸ ਘਟਨਾ ਦੀ ਜਾਣਕਾਰੀ ਸੋਸ਼ਲ ਮੀਡੀਆ ਉੱਤੇ ਲੱਗਣ ਤੋਂ ਬਾਅਦ ਯੂਜ਼ਰਸ ਵੀ ਇਸ ਘਟਨਾ ਨੂੰ ਬੇਹੱਦ ਡਰਾਉਣਾ ਦੱਸ ਰਹੇ ਹਨ।

# ਭਾਰਤ ਦੇ ਨਵੇਂ ਨਾਗਰਿਕਤਾ ਕਾਨੂੰਨ ਦਾ ਵਿਰੋਧ ਹੋਰ ਤੇਜ਼ ਹੋਇਆ



ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਨਵੇਂ ਨਾਗਰਿਕਤਾ ਕਾਨੂੰਨ ਦਾ ਵਿਰੋਧ ਹੋਰ ਵੀ ਤੇਜ਼ ਹੋ ਗਿਆ ਹੈ। ਪ੍ਰਦਰਸ਼ਨਾਂ ਵਿੱਚ ਵਿਦਿਆਰਥੀ ਅਤੇ ਸਿਆਸੀ ਪਾਰਟੀਆਂ ਜ਼ੋਰ ਨਾਲ ਹਿੱਸਾ ਲੈ ਰਹੀਆਂ ਹਨ।

ਕੱਲ੍ਹ ਕੁਝ ਥਾਈਂ ਹੋਈਆਂ ਹਿੰਸਕ ਝੜਪਾਂ ਦੇ ਸੰਬੰਧ ਵਿੱਚ 29 ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸੁਪਰੀਮ ਕੋਰਟ ਨੇ ਹਿੰਸਾ ਦੀ ਜਾਂਚ ਲਈ ਕਮੇਟੀ ਬਣਾਉਣ ਦੀ ਮੰਗ ਵਾਲੀ ਪਟੀਸ਼ਨ ਰੱਦ ਕਰ ਦਿੱਤੀ। ਦਿੱਲੀ ਅਤੇ ਕੇਰਲਾ ਸਮੇਤ ਕੁਝ ਇਲਾਕਿਆਂ ਵਿੱਚ ਕੱਲ੍ਹ ਹਿੰਸਕ ਪ੍ਰਦਰਸ਼ਨ ਹੋਏ। ਮਹਾਰਾਸ਼ਟਰ, ਤਾਮਿਲ ਨਾਡੂ, ਯੂ ਪੀ, ਬੰਗਾਲ ਸਮੇਤ ਕਈ ਥਾਵਾਂ 'ਤੇ ਨਾਗਰਿਕਤਾ ਕਾਨੂੰਨ ਦੇ ਵਿਰੋਧ ਵਿੱਚ ਪ੍ਰਦਰਸ਼ਨ ਹੋਏ। ਜਾਮੀਆ ਲਾਗੇ ਹੋਏ ਪ੍ਰਦਰਸ਼ਨਾਂ ਦੇ ਸੰਬੰਧ ਵਿੱਚ ਗ੍ਰਿਫਤਾਰ ਦਸ ਜਣਿਆਂ ਨੂੰ 31 ਦਸੰਬਰ ਤੱਕ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਹੈ। ਆਸਾਮ ਵਿੱਚ ਨਾਗਰਿਕਤਾ ਕਾਨੂੰਨ ਵਿਰੁੱਧ ਔਰਤਾਂ, ਨੌਜਵਾਨਾਂ ਅਤੇ ਸੀਨੀਅਰ ਨਾਗਰਿਕਾਂ ਨੇ ਕਈ ਥਾਵਾਂ 'ਤੇ ਆਲ ਅਸਮ ਸਟੂਡੈਂਟ ਯੂਨੀਅਨ ਵੱਲੋਂ ਕਰਾਏ ਜਨ ਸਤਿਆਗ੍ਰਹਿ ਜਲੂਸ ਵਿੱਚ ਹਿੱਸਾ ਲਿਆ। ਬਹੁਤੀਆਂ ਥਾਵਾਂ 'ਤੇ ਹਾਲਾਤ ਸ਼ਾਂਤਮਈ ਰਹੇ। ਦਿੱਲੀ ਵਿੱਚ ਜਾਮੀਆ ਮਿਲੀਆ ਯੂਨੀਵਰਸਿਟੀ ਦੇ ਬਾਹਰ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕੀਤਾ। ਪੱਛਮੀ ਬੰਗਾਲ ਸਮੇਤ ਦੇਸ਼ ਦੀਆਂ ਕਈ ਹੋਰ ਥਾਵਾਂ 'ਤੇ ਵੀ ਪ੍ਰਦਰਸ਼ਨ ਕੀਤੇ ਗਏ। ਗੁਹਾਟੀ ਵਿੱਚ ਕਰਫਿਊ ਹਟਾ ਦਿੱਤਾ ਗਿਆ ਹੈ।

ਯੂਨੀਅਨ ਦੇ ਮੁੱਖ ਸਲਾਹਕਾਰ ਕੁਮਾਰ ਭੱਟਾਚਾਰੀਆ ਨੇ ਕਿਹਾ, ਅਸੀਂ ਸਰਕਾਰ ਨੂੰ ਚਿਤਾਵਨੀ ਦਿੰਦੇ ਹਾਂ ਕਿ ਉਹ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਨਾ ਕਰੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਉਹ ਅਹਿੰਸਕ ਵਿਰੋਧ ਪ੍ਰਦਰਸ਼ਨ ਦਾ ਸਨਮਾਨ ਕਰਦੇ ਹਨ, ਪਰ ਸਰਕਾਰ ਸਾਡਾ ਦਮਨ ਕਰਨਾ ਅਤੇ ਦਬਾਉਣਾ ਚਾਹੁੰਦੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਦੇ ਬਿਆਨ ਦੀ ਨਿਖੇਧੀ ਕੀਤੀ ਕਿ ਉਨ੍ਹਾਂ ਵਿਰੋਧ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਕੱਪੜਿਆਂ ਤੋਂ ਪਛਾਣ ਕਰਨ ਬਾਰੇ ਟਿੱਪਣੀ ਕੀਤੀ ਸੀ। ਕੁਮਾਰ ਨੇ ਕਿਹਾ, ਇਹ ਮਾੜੀ ਗੱਲ ਹੈ ਕਿ ਪ੍ਰਧਾਨ ਮੰਤਰੀ ਸਾਡੇ ਸਭਿਆਚਾਰ ਨੂੰ ਮੰਨਦੇ ਨਹੀਂ ਤੇ ਮਜ਼ਾਕ ਉਡਾ ਰਹੇ ਹਨ। ਅਸੀਂ ਰੋਜ਼ ਰਵਾਇਤੀ ਕੱਪੜੇ ਪਾ ਕੇ ਆਵਾਂਗੇ। ਉਨ੍ਹਾਂ ਕਿਹਾ ਕਿ ਲੰਡਨ ਵਿੱਚ ਭਾਰਤੀ ਦੂਤਘਰ ਅੱਗੇ ਪਰਵਾਸੀ ਭਾਰਤੀਆਂ ਦੇ ਵਿਰੋਧ ਨੂੰ ਪਾਕਿਸਤਾਨ ਵੱਲੋਂ ਕਰਾਇਆ ਕਹਿਣਾ ਆਸਾਮ ਦੇ ਲੋਕਾਂ ਤੇ ਦੇਸ਼ ਦਾ ਅਪਮਾਨ ਹੈ।

# ਜੱਜ ਦੇ ਸਾਹਮਣੇ ਦੋਸ਼ੀ ਦੀ ਗੋਲ਼ੀ ਮਾਰ ਕੇ ਹੱਤਿਆ



ਬਿਜਨੌਰ, 18 ਦਸੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਬਿਜਨੌਰ ਚੀਫ ਜੁਡੀਸ਼ਲ ਮੈਜਿਸਟਰੇਟ ਦੀ ਕੋਰਟ 'ਚ ਜੱਜ ਦੇ ਸਾਹਮਣੇ ਤਿੰਨ ਹਮਲਾਵਰਾਂ ਨੇ ਕੱਲ੍ਹ ਦੁਪਹਿਰ ਹੱਤਿਆ ਦੇ ਦੋਸ਼ੀ ਸ਼ਾਹਨਵਾਜ਼ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਇਸ ਦੌਰਾਨ ਕੋਰਟ ਦਾ ਮੁਲਾਜ਼ਮ ਤੇ ਦਿੱਲੀ ਪੁਲਸ ਦਾ ਇੱਕ ਸਿਪਾਹੀ ਵੀ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਿਆ।

ਭਰੀ ਅਦਾਲਤ 'ਚ ਇਹ ਵਾਰਦਾਤ ਬਸਪਾ ਨੇਤਾ ਹਾਜੀ ਅਹਿਸਾਨ ਦੇ ਬੇਟੇ ਸਾਹਿਲ ਨੇ ਪਿਤਾ ਦੇ ਕਤਲ ਦਾ ਬਦਲਾ ਲੈਣ ਲਈ ਕੀਤੀ ਹੈ। ਤਿੰਨੇ ਹਮਲਾਵਰਾਂ ਨੂੰ ਕੋਰਟ 'ਚ ਫੜ ਲਿਆ ਗਿਆ। ਸ਼ਾਹਨਵਾਜ਼ ਦੇ ਨਾਲ ਤਿਹਾੜ ਜੇਲ੍ਹ ਤੋਂ ਪੇਸ਼ੀ 'ਤੇ ਲਿਆਂਦਾ ਗਿਆ ਉਸਦਾ ਸਾਥੀ ਜੱਬਾਰ ਇਸ ਖ਼ੂਨ ਖ਼ਰਾਬੇ ਦੌਰਾਨ ਕੋਰਟ ਤੋਂ ਫਰਾਰ ਹੋ ਗਿਆ। ਬਸਪਾ ਦੇ ਵਿਧਾਨ ਸਭਾ ਖੇਤਰ ਇੰਚਾਰਜ ਅਤੇ ਪ੍ਰਾਪਰਟੀ ਡੀਲਰ ਹਾਜੀ ਮੁਹੰਮਦ ਅਹਿਸਾਨ ਅਤੇ ਉਨ੍ਹਾਂ ਦੇ ਭਾਣਜੇ ਸ਼ਾਦਾਬ ਦੀ 28 ਮਈ ਨੂੰ ਨਜੀਬਾਬਾਦ ਸਥਿਤ ਉਨ੍ਹਾਂ ਦੇ ਦਫ਼ਤਰ 'ਚ ਦਿਨ ਦਿਹਾੜੇ ਗੋਲ਼ੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਹੱਤਿਆ ਕਾਂਡ ਦਾ ਦੋਸ਼ ਕਨਕਪੁਰ ਦੇ ਅਪਰਾਧੀ ਸ਼ਾਹਨਵਾਜ਼ ਅੰਸਾਰੀ, ਜੱਬਾਰ, ਦਾਨਿਸ਼ ਅਤੇ ਉਬਨਵਾਲ ਵਾਸੀ ਦਾਨਿਸ਼ 'ਤੇ ਲੱਗਾ ਸੀ। ਸ਼ਾਹਨਵਾਜ਼ ਅਤੇ ਜੱਬਾਰ ਦੀ ਕੱਲ੍ਹ ਇਸ ਹੱਤਿਆ ਕਾਂਡ 'ਚ ਪੇਸ਼ੀ ਸੀ। ਦਿੱਲੀ ਪੁਲਸ ਦੇ ਐਸ ਆਈ ਹੇਤਰਾਮ ਸਿੰਘ ਪੰਜ ਸਿਪਾਹੀਆਂ ਨਾਲ ਤਿਹਾੜ ਜੇਲ੍ਹ ਤੋਂ ਸ਼ਾਹਨਵਾਜ਼ ਤੇ ਜੱਬਾਰ ਨੂੰ ਪੇਸ਼ੀ 'ਤੇ ਬਿਜਨੌਰ ਲੈ ਕੇ ਆਏ ਸਨ। ਪੁਲਸ ਨੇ ਦੁਪਹਿਰ ਬਾਅਦ ਦੋਵੇਂ ਬਦਮਾਸ਼ਾਂ ਨੂੰ ਜੱਜ ਦੇ ਸਾਹਮਣੇ ਪੇਸ਼ ਕੀਤਾ। ਜੱਜ ਯੋਗੇਸ਼ ਕੁਮਾਰ ਸੁਣਵਾਈ ਕਰ ਰਹੇ ਸਨ, ਇਸ ਦੌਰਾਨ ਤਿੰਨ ਹਮਲਵਾਰ ਕੋਰਟ ਦੇ ਅੰਦਰ ਵੜੇ ਤੇ ਸ਼ਾਹਨਵਾਜ਼ 'ਤੇ ਪਿਸਤੌਲ ਨਾਲ ਗੋਲੀਆਂ ਵਰ੍ਹਾ ਦਿੱਤੀਆਂ। ਗੋਲੀ ਲੱਗਣ ਨਾਲ ਸ਼ਾਹਨਵਾਜ਼ ਉਥੇ ਡਿੱਗ ਗਿਆ ਪਰ ਹਮਲਾਵਾਰ ਗੋਲੀਆਂ ਵਰ੍ਹਾਉਂਦੇ ਰਹੇ। ਕੋਰਟ ਮੁਲਾਜ਼ਮ ਮਨੀਸ਼ ਅਤੇ ਦਿੱਲੀ ਪੁਲਸ ਦੇ ਜਵਾਨ ਸੰਜੀਵ ਵੀ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਏ। ਕੋਰਟ 'ਚ ਮੌਜੂਦ ਪੁਲਸ ਮੁਲਾਜ਼ਮਾਂ ਤੇ ਸਟਾਫ ਨੇ ਤਿੰਨਾਂ ਹਮਲਾਵਰਾਂ ਨੂੰ ਫੜ ਲਿਆ। ਇਸ ਦੌਰਾਨ ਜੱਬਾਰ ਮੌਕੇ ਤੋਂ ਫਰਾਰ ਹੋ ਗਿਆ।

# ਚੀਫ ਜਸਟਿਸ ਵੱਲੋਂ ਦੋ ਕੇਸਾਂ ਦੀ ਸੁਣਵਾਈ ਤੋਂ ਇਨਕਾਰ

ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਚੀਫ ਜਸਟਿਸ ਐਸ ਏ ਬੋਬਡੇ ਨੇ ਕੱਲ੍ਹ ਨੂੰ ਦੋ ਕੇਸਾਂ ਦੀ ਸੁਣਵਾਈ ਤੋਂ ਖ਼ੁਦ ਨੂੰ ਵੱਖ ਕਰ ਲਿਆ। ਇਨ੍ਹਾਂ 'ਚ ਇੱਕ ਕੇਸ ਦਿੱਲੀ ਸਮੂਹਿਕ ਬਲਾਤਕਾਰ ਕੇਸ ਦੇ ਦੋਸ਼ੀ ਅਕਸ਼ੈ ਸਿੰਘ ਦੀ ਪਟੀਸ਼ਨ 'ਤੇ ਸੁਣਵਾਈ ਬਾਰੇ ਸੀ, ਜਿਸ ਵਿੱਚੋਂ ਚੀਫ ਜਸਟਿਸ ਨੇ ਆਪਣੇ ਆਪ ਨੂੰ ਵੱਖ ਕਰ ਲਿਆ।

ਅਕਸ਼ੈ ਸਿੰਘ ਨੇ ਫਾਂਸੀ ਦੀ ਸਜ਼ਾ ਦੇ ਖ਼ਿਲਾਫ਼ ਸੁਪਰੀਮ ਕੋਰਟ 'ਚ ਨਜ਼ਰਸਾਨੀ ਪਟੀਸ਼ਨ ਪੇਸ਼ ਕੀਤੀ ਹੈ। ਜਸਟਿਸ ਬੋਬੜੇ, ਜਸਟਿਸ ਆਰ ਭਾਨੂਮਤੀ ਨੇ ਸੁਣਵਾਈ ਸ਼ੁਰੂ ਕੀਤੀ ਤਾਂ ਚੀਫ ਜਸਟਿਸ ਦਾ ਧਿਆਨ ਇਸ ਕੇਸ 'ਚ ਹੋਰ ਮੁਲਜ਼ਮਾਂ ਵੱਲੋਂ ਦਾਖ਼ਲ ਪਟੀਸ਼ਨ 'ਚ ਪੇਸ਼ ਹੋਏ ਵਕੀਲਾਂ 'ਤੇ ਗਿਆ। ਚੀਫ ਜਸਟਿਸ ਨੇ ਇੱਕ ਵਕੀਲ ਬਾਰੇ ਪੁੱਛਿਆ ਜਿਸ 'ਤੇ ਦਿੱਲੀ ਸਰਕਾਰ ਵੱਲੋਂ ਪੇਸ਼ ਸਾਲਿ-ਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਇਹ ਵਕੀਲ ਓਦੋਂ ਪੀੜਤ ਪਰਵਾਰ ਵੱਲੋਂ ਪੇਸ਼ ਹੋਏ ਸਨ, ਸਰਕਾਰ ਵੱਲੋਂ ਨਹੀਂ। ਕਿਸੇ ਪੱਖ 'ਤੇ ਇਤਰਾਜ਼ ਨਾ ਚੁੱਕੇ ਜਾਣ ਦੇ ਬਾਵਜੂਦ ਚੀਫ ਜਸਟਿਸ ਨੇ ਆਪਣੇ ਆਪ ਨੂੰ ਸੁਣਵਾਈ ਤੋਂ ਵੱਖ ਕਰ ਲਿਆ। ਵਕੀਲ ਦਾ ਨਾਂ ਨਹੀਂ ਲਿਆ ਗਿਆ, ਪਰ ਨਿਯਮਾਂ ਮੁਤਾਬਕ ਜੇ ਕਿਸੇ ਕੇਸ 'ਚ ਰਿਸ਼ਤੇਦਾਰ ਪੇਸ਼ ਹੋ ਰਿਹਾ ਹੁੰਦਾ ਹੈ ਤਾਂ ਉਹ ਜੱਜ ਮਾਮਲੇ 'ਤੇ ਸੁਣਵਾਈ ਨਹੀਂ ਕਰਦਾ।

ਮੰਨਿਆ ਜਾ ਰਿਹਾ ਹੈ ਕਿ ਇਸ ਮਾਮਲੇ 'ਚ ਪਹਿਲਾਂ ਪੀੜਤ ਪੱਖ ਵੱਲੋਂ ਚੀਫ ਜਸਟਿਸ ਦੇ ਰਿਸ਼ਤੇਦਾਰ ਦੇ ਵਕੀਲ ਵਜੋਂ ਪੇਸ਼ ਹੋ ਚੁੱਕੇ ਹਨ, ਇਸ ਲਈ ਚੀਫ ਜਸਟਿਸ ਨੇ ਆਪਣੇ ਆਪ ਨੂੰ ਸੁਣਵਾਈ ਤੋਂ ਵੱਖ ਕਰ ਲਿਆ। ਚੀਫ ਜਸਟਿਸ ਨੇ ਕਿਹਾ ਕਿ ਇਸ ਮਾਮਲੇ ਦੀ ਸੁਣਵਾਈ ਨਵਾਂ ਬੈਂਚ ਕਰੇਗਾ।

ਇਸੇ ਤਰ੍ਹਾਂ ਚੀਫ ਜਸਟਿਸ ਨੇ ਚੋਣ ਲੜਨ ਤੋਂ ਵਾਂਝੇ ਸਜ਼ਾ ਯਾਫਤਾ ਨੇਤਾਵਾਂ ਦੇ ਸਿਆਸੀ ਪਾਰਟੀਆਂ ਬਣਾਉਣ ਜਾਂ ਉਸ ਦੇ ਪ੍ਰਧਾਨ ਬਣਨ 'ਤੇ ਰੋਕ ਲਾਉਣ ਲਈ ਦਾਖ਼ਲ ਪਟੀਸ਼ਨ ਦੀ ਸੁਣਵਾਈ ਤੋਂ ਵੀ ਖ਼ੁਦ ਨੂੰ ਵੱਖ ਕਰ ਲਿਆ। ਜਸਟਿਸ ਬੀ ਆਰ ਗਵਈ ਅਤੇ ਜਸਟਿਸ ਸੂਰਿਆਕਾਂਤ ਨਾਲ ਮਾਮਲੇ ਦੀ ਸੁਣਵਾਈ ਕਰ ਰਹੇ ਜਸਟਿਸ ਬੋਬਡੇ ਨੇ ਕਿਹਾ ਕਿ ਉਹ ਇਸ ਦੀ ਸੁਣਵਾਈ ਨਹੀਂ ਕਰਨਗੇ। ਇਹ ਜਨਹਿੱਤ ਪਟੀਸ਼ਨ ਕਿਸੇ ਹੋਰ ਬੈਂਚ ਕੋਲ ਸੂਚੀਬੱਧ ਹੋਵੇਗੀ। ਪਟੀਸ਼ਨ ਕਰਤਾ ਅਸ਼ਵਨੀ ਕੁਮਾਰ ਉਪਾਧਿਆਏ ਨੇ ਦੱਸਿਆ ਕਿ ਚੀਫ ਜਸਟਿਸ ਨੇ ਸੁਣਵਾਈ ਤੋਂ ਖ਼ੁਦ ਨੂੰ ਵੱਖ ਕਰ ਲਿਆ ਹੈ, ਕਿਉਂਕਿ ਇਸੇ ਮਾਮਲੇ 'ਚ ਇੱਕ ਹੋਰ ਬੈਂਚ ਸਾਹਮਣੇ ਇੱਕ ਵਾਰ ਉਨ੍ਹਾਂ ਦੀ ਵਕੀਲ ਧੀ ਪੇਸ਼ ਹੋਈ ਸੀ।

ਉਪਾਧਿਆਏ ਨੇ ਲੋਕ ਨੁਮਾਇੰਦਗੀ ਕਾਨੂੰਨ ਦੀ ਧਾਰਾ 29-ਏ ਨੂੰ ਚੁਣੌਤੀ ਦਿੱਤੀ ਹੈ, ਜਿਹੜੀ ਸਿਆਸੀ ਪਾਰਟੀਆਂ ਦੀ ਰਜਿਸਟ੍ਰੇਸ਼ਨ ਕਰਨ ਦੇ ਚੋਣ ਕਮਿਸ਼ਨ ਦੇ ਅਧਿਕਾਰ ਨਾਲ ਸਬੰਧਤ ਹੈ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਜੇਕਰ ਕੋਈ ਵਿਅਕਤੀ ਕਿਸੇ ਅਪਰਾਧਿਕ ਮਾਮਲੇ 'ਚ ਸਜ਼ਾ ਮਿਲਣ ਕਾਰਨ ਚੋਣ ਲੜਨ ਤੋਂ ਅਯੋਗ ਹੈ ਤਾਂ ਉਸ ਵਿਅਕਤੀ ਨੂੰ ਪਾਰਟੀ ਗਠਿਤ ਕਰਨ ਜਾਂ ਇਸਦੀ ਪ੍ਰਧਾਨਗੀ ਕਰਨ ਦੀ ਇਜਾਜ਼ਤ ਦੇਣਾ ਸਹੀ ਨਹੀਂ। ਸੁਪਰੀਮ ਕੋਰਟ ਨੇ ਇਸ ਤੋਂ ਪਹਿਲਾਂ ਕੇਂਦਰ ਤੇ ਚੋਣ ਕਮਿਸ਼ਨ ਨੂੰ ਇਸ ਪਟੀਸ਼ਨ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਲਈ ਕਿਹਾ ਸੀ।

MICHELIN
Hankook
Continental
ROADLUX
BFGoodrich
AEOLUS
COMPASAL
Chevron
Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
SPECIAL ON TRUCK ALIGNMENT
BRAND NEW MACHINES 2018
Brake & Drum Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
30 Truck Parking Also Available!
1715 Sismet Rd, Mississauga | Call Ranjit: 416.624.8351 | Tel: 905.625.0055

## ਵਲੈਤ ਦੀਆਂ ਯੂਨੀਵਰਸਿਟੀਆਂ ਨੇ ਲੋੜੋਂ ਵੱਧ ਦਾਖ਼ਲੇ ਕਰ ਲਏ

ਗੁਰਦਾਸਪੁਰ, 18 ਦਸੰਬਰ (ਪੋਸਟ ਬਿਊਰੋ)- ਪਿਛਲੇ ਦਿਨੀਂ ਇੰਗਲੈਂਡ ਦੀਆਂ ਯੂਨੀਵਰਸਿਟੀਆਂ ਵੱਲੋਂ ਏਸ਼ੀਅਨ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਦਿਲ ਖੋਲ੍ਹ ਕੇ ਦਾਖ਼ਲੇ ਦਿੱਤੇ ਗਏ। 2013 ਵਿੱਚ ਇੰਗਲੈਂਡ ਸਰਕਾਰ ਨੇ ਸੱਟਡੀ ਵੀਜ਼ੇ ਬੰਦ ਕਰ ਦਿੱਤੇ ਸਨ, ਪਰ ਯੂਰਪੀਨ ਯੂਨੀਅਨ ਦਾ ਹਿੱਸਾ ਨਾ ਰਹਿਣ ਕਾਰਨ ਇੰਗਲੈਂਡ ਨੂੰ ਆਰਥਿਕ ਸੰਕਟ ਦਾ ਸਾਹਮਣਾ ਕਰਨ ਦੀ ਵੀ ਚਰਚਾ ਸੀ, ਜਿਸ ਕਾਰਨ ਇੰਗਲੈਂਡ ਦੀਆਂ ਯੂਨੀਵਰਸਿਟੀਆਂ ਨੇ ਭਾਰਤ ਆ ਕੇ ਸੈਮੀਨਾਰ ਲਾਏ ਤੇ ਧੜਾਧੜ ਦਾਖ਼ਲੇ ਕਰ ਲਏ। ਇਸ ਦੌਰਾਨ ਨਾ ਵਿਦਿਆਰਥੀਆਂ ਦਾ ਪੜ੍ਹਾਈ ਦਾ ਗੈਪ ਦੇਖਿਆ ਤੇ ਨਾ ਆਈਲੈਟਸ ਨੂੰ ਕੋਈ ਖਾਸ ਮਹੱਤਤਾ ਦਿੱਤੀ ਗਈ। ਮਸਾਂ 5 ਤੋਂ 10 ਲੱਖ ਰੁਪਏ ਵਿੱਚ ਇੰਗਲੈਂਡ ਜਾਣਾ ਸੌਖਾ ਹੋ ਗਿਆ, ਜਿਸ ਤੋਂ ਬਾਅਦ ਪੰਜਾਬ, ਹਰਿਆਣਾ ਤੇ ਗੁਜਰਾਤ ਤੋਂ ਵੱਡੀ ਗਿਣਤੀ ਵਿੱਚ ਵਿਦਿਆਰਥੀ ਇੰਗਲੈਂਡ ਸਟੱਡੀ ਵੀਜ਼ੇ 'ਤੇ ਚਲੇ ਗਏ।

ਇਸ ਦੌਰਾਨ ਇਹ ਸਮੱਸਿਆ ਪੇਸ਼ ਆਈ ਕਿ ਇੰਗਲੈਂਡ ਦੀਆਂ ਯੂਨੀਵਰਸਿਟੀਆਂ ਵੱਲੋਂ ਲੋੜ ਅਤੇ ਸਮੱਰਥਾ ਤੋਂ ਵੱਧ ਵਿਦਿਆਰਥੀਆਂ ਨੂੰ ਦਾਖ਼ਲੇ ਦੇ ਦੇਣ ਕਾਰਨ ਇੰਗਲੈਂਡ ਵਿੱਚ ਇਨ੍ਹਾਂ ਨੌਜਵਾਨਾਂ ਨੇ ਉਥੋਂ ਦੀਆਂ ਯੂਨੀਵਰਸਿਟੀਆਂ ਨੂੰ ਵੀ ਪ੍ਰੇਸ਼ਾਨ ਕਰ ਦਿੱਤਾ ਹੈ। ਵਿਦਿਆਰਥੀਆਂ ਨੇ ਕਾਲਜਾਂ ਵਿੱਚ ਕਾਲਸਾਂ ਲਾਉਣ ਦੀ ਥਾਂ ਹੋਟਲ, ਮਾਲ ਅਤੇ ਹੋਰ ਥਾਵਾਂ 'ਤੇ ਕੰਮ ਕਰਨੇ ਸ਼ੁਰੂ ਕਰ ਦਿੱਤੇ ਅਤੇ ਯੂਨੀਵਰਸਿਟੀਆਂ ਵਿੱਚ ਉਨ੍ਹਾਂ ਦੀ ਹਾਜ਼ਰੀ 95 ਫ਼ੀਸਦੀ ਨਾ ਹੋਣ ਕਰਕੇ ਮਾਨਤਾ ਰੱਦ ਹੋਣ ਦਾ ਡਰ ਪੈ ਗਿਆ।

## ਆਸਟ੍ਰੇਲੀਆ 'ਚ ਭਾਰਤੀ ਨੂੰ ਪੰਜ ਸਾਲ ਤਿੰਨ ਮਹੀਨੇ ਦੀ ਜੇਲ੍ਹ



ਮੈਲਬੌਰਨ, 18 ਦਸੰਬਰ (ਪੋਸਟ ਬਿਊਰੋ)- ਭਾਰਤੀ ਵਿਅਕਤੀ ਨੂੰ ਵਿਕਟੋਰੀਆ ਦੀ ਕੰਟਰੀ ਕੋਰਟ ਨੇ ਪੰਜ ਸਾਲ ਤਿੰਨ ਮਹੀਨੇ ਦੀ ਸਜ਼ਾ ਸੁਣਾਈ ਹੈ ਅਤੇ ਇਸ ਤੋਂ ਅੱਗੇ ਦੀ ਕਾਰਵਾਈ ਚੱਲ ਰਹੀ ਹੈ।

ਅੰਕੁਰ (30), ਜੋ ਕਾਰ ਮਕੈਨਿਕ ਹੈ, ਦੀ ਕਾਰ ਚਲਾਉਂਦੇ ਸਮੇਂ ਕਿਸੇ ਹੋਰ ਗੱਡੀ ਨਾਲ ਟਕਰਾਅ ਗਈ ਸੀ ਅਤੇ ਉਸ ਆਦਮੀ ਦੀ ਮੌਤ ਹੋ ਗਈ ਸੀ। ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਉਹ ਆਪਣਾ ਜਨਮ ਦਿਨ ਆਪਣੇ ਦੋਸਤਾਂ ਨਾਲ ਮਨਾ ਰਿਹਾ ਸੀ। ਅਗਸਤ 2016 'ਚ ਜਦੋਂ ਉਹ ਡਰਾਈਵਿੰਗ ਕਰ ਰਿਹਾ ਸੀ ਤਾਂ ਮੌਸਮ ਵੀ ਕਾਫੀ ਖ਼ਰਾਬ ਸੀ ਅਤੇ ਬਰਸਾਤ ਲਗਾਤਾਰ ਪੈ ਰਹੀ ਸੀ। ਅਦਾਲਤ ਨੇ ਕਿਹਾ ਕਿ ਉਸ ਮੌਸਮ 'ਚ ਉਸ ਨੂੰ ਬਹੁਤ ਧਿਆਨ ਨਾਲ ਕਾਰ ਚਲਾਉਣੀ ਚਾਹੀਦੀ ਸੀ ਪਰ ਉਹ ਖਤਰਨਾਕ ਤਰੀਕੇ ਨਾਲ ਚਲਾ ਰਿਹਾ ਸੀ। ਉਹ ਦੂਸਰੇ ਪਾਸੇ ਤੋਂ ਆ ਰਹੀ ਟ੍ਰੈਫ਼ਿਕ 'ਚ ਜਾ ਵੜਿਆ ਸੀ ਅਤੇ 85 ਸਾਲਾਂ ਦਾ ਬਜ਼ੁਰਗ ਜੋ ਦੂਸਰੀ ਸਾਈਡ ਤੋਂ ਆ ਰਿਹਾ ਸੀ, ਉਸ ਦੀ ਕਾਰ ਨਾਲ ਟਕਰਾਅ ਗਿਆ ਅਤੇ ਕੁਝ ਦਿਨਾਂ ਬਾਅਦ ਉਸ ਦੀ ਹਸਪਤਾਲ 'ਚ ਮੌਤ ਹੋ ਗਈ ਸੀ। ਅਦਾਲਤੀ ਕਾਰਵਾਈ 'ਚ ਦੱਸਿਆ ਗਿਆ ਕਿ ਅੰਕੁਰ ਨੇ 2017 'ਚ ਭਾਰਤ ਜਾਣ ਦੀ ਕੋਸ਼ਿਸ਼ ਕੀਤੀ ਸੀ ਕਿ ਉਸ ਦਾ ਪਿਤਾ ਬਿਮਾਰ ਹੈ ਪਰ ਉਸ ਨੂੰ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਸ ਨੂੰ ਤਿੰਨ ਸਾਲ ਛੇ ਮਹੀਨੇ ਜੇਲ੍ਹ 'ਚ ਰਹਿਣਾ ਪਵੇਗਾ ਅਤੇ ਉਸ ਤੋਂ ਬਾਅਦ ਉਸ ਦੇ ਦੇਸ਼ ਨਿਕਾਲਾ ਦੇ ਦਿੱਤਾ ਜਾਵੇਗਾ। ਉਹ 49 ਦਿਨ ਹਿਰਾਸਤ 'ਚ ਬਿਤਾਅ ਚੁੱਕਾ ਹੈ।

## ਪਾਕਿਸਤਾਨ 'ਚ ਕਤਰ ਦੇ ਅਮੀਰ ਹੋਉਬਾਰਾ ਪੰਛੀ ਦਾ ਸ਼ਿਕਾਰ ਕਰ ਸਕਣਗੇ

ਇਸਲਾਮਾਬਾਦ, 18 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਨੇ ਕਤਰ ਦੇ ਅਮੀਰ ਤੇ ਸ਼ਾਹੀ ਪਰਵਾਰ ਦੇ ਨੌਂ ਮੈਂਬਰਾਂ ਨੂੰ ਖ਼ਤਮ ਹੋਣ ਦੀ ਸ਼੍ਰੇਣੀ 'ਚ ਆਉਣ ਵਾਲੇ ਪੰਛੀ ਹੋਉਬਾਰਾ ਬਸਟ-ਾਰਡ ਦਾ ਸ਼ਿਕਾਰ ਕਰਨ ਦੇ ਵਿਸ਼ੇਸ਼ ਪਰਮਿਟ ਜਾਰੀ ਕੀਤੇ ਹਨ। ਜਿਨ੍ਹਾਂ ਥਾਵਾਂ 'ਤੇ ਇਨ੍ਹਾਂ ਪੰਛੀਆਂ ਦਾ ਸ਼ਿਕਾਰ ਕੀਤਾ ਜਾ ਸਕਦਾ ਹੈ ਉਹ ਖੇਤਰ ਸਿੰਧ, ਬਲੋਚਿਸਤਾਨ ਤੇ ਪੰਜਾਬ ਸੂਬੇ 'ਚ ਆਉਂਦੇ ਹਨ। ਡਾਨ ਨਿਊਜ਼ ਮੁਤਾ-ਬਕ ਇੱਕ ਨਵੰਬਰ 2019 ਤੋਂ 31 ਜਨਵਰੀ 2020 ਦੌਰਾਨ 10 ਦਿਨਾਂ ਦੀ ਸਫਾਰੀ 'ਚ 100 ਹੋਉਬਾਰਾ ਬਸਟ-ਾਰਡ ਦਾ ਸ਼ਿਕਾਰ ਕੀਤਾ ਜਾ ਸਕਦਾ ਹੈ। ਸੂਤਰਾਂ ਦੇ ਹਵਾਲੇ ਵਾਲੀ ਰਿਪੋਰਟ ਮੁਤਾਬਕ ਉਪ ਵਿਦੇਸ਼ ਮੰਤਰੀ ਮੁਹੰਮਦ ਅਦੀਲ ਪਰਵੇਜ਼ ਨੇ 2019-20 ਲਈ ਪਰਮਿਟ ਜਾਰੀ ਕੀਤੇ ਹਨ। ਜਿਨ੍ਹਾਂ ਲੋਕਾਂ ਨੂੰ ਪਰਮਿਟ ਜਾਰੀ ਕੀਤਾ ਗਿਆ, ਉਨ੍ਹਾਂ 'ਚ ਤੇਲ ਨਾਲ ਭਰਪੂਰ ਖਾੜੀ ਦੇਸ਼ ਕਤਰ ਦੇ ਅਮਰੀ ਸ਼ੇਖ ਤਮੀਮਨ ਬਿਨ ਹਮਦ ਬਿਨ ਖਲੀਫ਼ਾ ਅਲ ਥਾਨੀ, ਉਨ੍ਹਾਂ ਦੇ ਚਾਚਾ, ਭਰਾ ਅਤੇ ਸੱਤ ਹੋਰ ਲੋਕ ਸ਼ਾਮਲ ਹਨ। ਖ਼ਾਸ ਗੱਲ ਇਹ ਕਿ ਇਸ ਕਦਮ ਖ਼ਿਲਾਫ਼ ਵਧੀਆਂ ਆਲੋਚਨਾਵਾਂ ਦੇ ਬਾਵਜੂਦ ਪਾਕਿਸਤਾਨ ਖਾੜੀ ਦੇਸ਼ਾਂ ਦੇ ਸ਼ਾਹੀ ਪਰਵਾਰਾਂ ਦੇ ਮੈਂਬਰਾਂ ਨੂੰ ਹਰ ਸਾਲ ਇਨ੍ਹਾਂ ਪੰਛੀਆਂ ਦਾ ਸ਼ਿਕਾਰ ਕਰਨ ਦਾ ਪਰਮਿਟ ਜਾਰੀ ਕਰਦਾ ਹੈ।



ਹੋਉਬਾਰਾ ਬਸਟਾਰਡ ਦੇ ਸ਼ਿਕਾਰ ਦੀ ਵਰਤੋਂ ਪਾਕਿਸਤਾਨ ਅਰਸੇ ਤੋਂ ਖਾੜੀ ਦੇਸ਼ਾਂ ਨਾਲ ਆਪਣੇ ਹਿੱਤ ਸਾਧਨ ਲਈ ਕਰਦਾ ਰਿਹਾ ਹੈ। ਵਰਨਣ ਯੋਗ ਹੈ ਕਿ ਘਟਦੀ ਅਬਾਦੀ ਦੇ ਕਾਰਨ ਇਹ ਪਰਵਾਸੀ ਪੰਛੀ ਨਾ ਸਿਰਫ ਵੱਖ-ਵੱਖ ਕੌਮਾਂਤਰੀ ਸਮਝੌਤਿਆਂ ਤਹਿਤ ਸੁਰੱਖਿਅਤ ਹਨ, ਬਲਕਿ ਸਥਾਨਕ ਜੰਗਲੀ ਜੀਵ ਸੁਰੱਖਿਆ ਕਾਨੂੰਨਾਂ ਹੇਠ ਇਸ ਦੇ ਸ਼ਿਕਾਰ 'ਤੇ ਵੀ ਪਾਬੰਦੀ ਹੈ। ਪਾਕਿਸਤਾਨੀਆਂ ਨੂੰ ਇਸ ਪੰਛੀ ਦਾ ਸ਼ਿਕਾਰ ਕਰਨ ਦੀ ਇਜਾਜ਼ਤ ਨਹੀਂ ਹੈ। ਹੋਉਬਾਰਾ ਬਸਟਾਰਡ ਪੰਛੀ ਸ਼ਰਮੀਲਾ ਪਰ ਖ਼ੂਬਸੂਰਤ ਹੁੰਦਾ ਹੈ ਤੇ ਸ਼ਕਲ 'ਚ ਟਰਕੀ ਚਿੜੀ ਵਾਂਗ ਦਿਖਾਈ ਦਿੰਦਾ ਹੈ। ਹਰ ਸਾਲ ਸਰਦੀਆਂ 'ਚ ਇਹ ਮੱਧ ਏਸ਼ੀਆ ਤੋਂ ਉਡ ਕੇ ਪਾਕਿਸਤਾਨ ਆਉਂਦੇ ਹਨ। ਇਸ ਨੂੰ ਜੰਗਲੀ ਜੀਵਾਂ ਦੀਆਂ ਪਰਵਾਸੀਆਂ ਨਸਲਾਂ ਨਾਲ ਸਬੰਧਤ ਇੱਕ ਕੌਮਾਂਤਰੀ ਸੰਧੀ ਵਿੱਚ ਸ਼ਿਕਾਰ ਕੀਤਾ ਗਿਆ ਹੈ। ਇਨ੍ਹਾਂ ਪੰਛੀਆਂ ਦਾ ਸ਼ਿਕਾਰ ਬਾਜ਼ ਦੀ ਮਦਦ ਨਾਲ ਕੀਤਾ ਜਾਂਦਾ ਹੈ। ਪਿਛਲੇ ਦਹਾਕੇ 'ਚ ਹੋਉਬਾਰਾ ਬਸਟਾਰਡ ਦੀ ਗਿਣਤੀ ਸ਼ਿਕਾਰ ਤੇ ਉਨ੍ਹਾਂ ਦੇ ਰਿਹਾਇਸ਼ੀ ਥਾਵਾਂ ਦੇ ਘੱਟ ਹੋਣ ਨਾਲ ਤੇਜ਼ੀ ਨਾਲ ਘੱਟ ਹੋਈ ਹੈ, ਇਸ ਲਈ ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਵੇਸ਼ਨ ਆਫ ਨੇਚਰ (ਆਈ ਯੂ ਸੀ ਐਨ) ਨੇ ਵੀ ਇਸ ਨੂੰ ਸੰਕਟਗ੍ਰਸਤ ਨਸਲਾਂ ਦੀ ਰੈਡ ਲਿਸਟ 'ਚ ਸੌਖੇ ਸ਼ਿਕਾਰ ਕੀਤੇ ਜਾ ਸਕਣ ਵਾਲਾ ਪੰਛੀ ਐਲਾਨਿਆ ਹੈ। ਇਸ ਸਮਝੌਤੇ 'ਤੇ ਹਸਤਾਖਰ ਕਰਨ ਵਾਲੇ ਦੇਸ਼ਾਂ 'ਚ ਪਾਕਿਸਤਾਨ ਵੀ ਸ਼ਾਮਲ ਹੈ।

## ਪ੍ਰੀਤੀ, ਆਲੋਕ ਤੇ ਰਿਸ਼ੀ ਸੁਨਕ ਫਿਰ ਤੋਂ ਜਾਨਸਨ ਕੈਬਨਿਟ ਵਿੱਚ ਸ਼ਾਮਲ

ਲੰਡਨ, 18 ਦਸੰਬਰ (ਪੋਸਟ ਬਿਊਰੋ)- ਭਾਰਤੀ ਮੂਲ ਦੇ ਬ੍ਰਿਟਿਸ਼ ਪਾਰਲੀਮੈਂਟ ਮੈਂਬਰਾਂ ਪ੍ਰੀਤੀ ਪਟੇਲ, ਆਲੋਕ ਸ਼ਰਮਾ ਤੇ ਰਿਸ਼ੀ ਸੁਨਕ ਨੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਦੀ ਕੈਬਨਿਟ ਵਿੱਚ ਆਪਣੀ ਥਾਂ ਕਾਇਮ ਰੱਖੀ ਹੈ। ਬੀਤੇ ਦਿਨੀਂ ਹੋਈਆਂ ਚੋਣਾਂ 'ਚ ਕੰਜ਼ਰਵੇਟਿਵ ਪਾਰਟੀ ਦੀ ਜ਼ਬਰਦਸਤ ਜਿੱਤ ਪਿੱਛੋਂ ਜੌਨਸਨ ਕੈਬਨਿਟ ਨੇ ਕੱਲ੍ਹ ਪਹਿਲੀ ਬੈਠਕ ਕੀਤੀ। ਕੱਲ੍ਹ ਤੋਂ ਹੀ ਬਰਤਾਨਵੀ ਪਾਰਲੀਮੈਂਟ ਦੇ ਹੇਠਲੇ ਸਦਨ ਹਾਊਸ ਆਫ ਕਾਮਨਸ ਦਾ ਸੈਸ਼ਨ ਵੀ ਸ਼ੁਰੂ ਹੋ ਗਿਆ।

ਸੱਤਾ 'ਚ ਪਰਤਣ ਦੇ ਬਾਅਦ ਬੋਰਿਸ ਜੌਨਸਨ ਨੇ ਖਾਲੀ ਅਹੁਦੇ ਭਰ ਕੇ ਆਪਣੀ ਕੈਬਨਿਟ 'ਚ ਮਾਮੂਲੀ ਬਦਲਾਅ ਹੀ ਕੀਤੇ ਹਨ। ਕੈਬਨਿਟ ਦੇ ਪ੍ਰਮੁੱਖ ਅਹੁਦਿਆਂ ਨੂੰ ਉਨ੍ਹਾਂ ਜਿਉਂ ਦਾ ਤਿਉਂ ਰੱਖਿਆ ਅਤੇ ਇਸ ਨੂੰ ਉਨ੍ਹਾਂ ਪੀਪਲਜ਼ ਕੈਬਨਿਟ ਦਾ ਨਾਂਅ ਦਿੱਤਾ ਹੈ। ਭਾਰਤੀ ਮੂਲ ਦੇ ਤਿੰਨ ਬ੍ਰਿਟਿਸ਼ ਮੰਤਰੀਆਂ ਦੇ ਵੀ ਕੈਬਨਿਟ 'ਚ ਅਹੁਦੇ ਕਾਇਮ ਰੱਖੇ ਗਏ ਹਨ। ਪ੍ਰੀਤੀ ਪਟੇਲ ਫਿਰ ਬ੍ਰਿਟੇਨ ਦੀ ਗ੍ਰਹਿ ਮੰਤਰੀ ਬਣਾਈ ਗਈ ਹੈ। ਆਲੋਕ ਸ਼ਰਮਾ ਅੰਤਰਰਾਸ਼ਟਰੀ ਵਿਕਾਸ ਵਿਭਾਗ ਦੇ ਇੰਚਾਰਜ ਬਣੇ ਰਹਿਣਗੇ। ਸਾਫਟਵੇਅਰ ਕੰਪਨੀ ਇੰਫੋਸਿਸ ਦੇ ਕੋ-ਫਾਊਂਡਰ ਨਾਰ-ਾਇਣ ਮੂਰਤੀ ਦੇ ਜਵਾਈ ਰਿਸ਼ੀ ਸੁਨਕ ਵੀ ਚੀਫ ਸੈਕਟਰੀ ਟੂ ਟ੍ਰੈਜ਼ਰੀ ਬਣੇ ਰਹਿਣਗੇ। ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਬ੍ਰੈਗਜ਼ਿਟ ਟ੍ਰਾਂਜ਼ਿਸ਼ਨ ਪੀਰੀਅਡ 2020 ਤੋਂ ਅੱਗੇ ਨਾ ਵਧਾਉਣ ਦਾ ਮਤਾ ਪੇਸ਼ ਕੀਤਾ। ਇਹ ਉਹ ਸਮਾਂ ਹੈ ਜਿਸ ਦੇ ਅੰਦਰ ਬ੍ਰਿਟਿਸ਼ ਤੇ ਯੂਰਪੀ ਯੂਨੀਅਨ ਨੂੰ ਇੱਕ ਵਪਾਰ ਸਮਝੌਤੇ 'ਤੇ ਸਹਿਮਤ ਹੋਣਾ ਪਵੇਗਾ। ਬ੍ਰਿਟਿਸ਼ ਦੀ ਯੋਜਨਾ ਜਨਵਰੀ 2020 ਤੱਕ ਯੂਰਪੀ ਯੂਨੀਅਨ ਤੋਂ ਵੱਖ ਹੋਣ ਦੀ ਹੈ।

## ਓਕਲਾਹਾਮਾ ਦੇ ਸਾਬਕਾ ਪਾਦਰੀ ਨੇ 17 ਸਾਲ ਲੜਕੇ ਦਾ ਸੈਕਸ ਸ਼ੋਸ਼ਣ ਕੀਤਾ ਸੀ



ਓਕਲਾਹਮਾ, 19 ਦਸੰਬਰ (ਪੋਸਟ ਬਿਊਰੋ)- ਓਕਲਾਹਾਮਾ ਸਿਟੀ ਦੇ ਆਕਰਡਆਸਿਸ ਨੇ ਕੱਲ੍ਹ ਕਿਹਾ ਕਿ ਉਸ ਨੇ ਇੱਕ ਹੋਰ ਪਾਦਰੀ ਦੇ ਖ਼ਿਲਾਫ਼ ਬਾਲ ਸੈਕਸ ਸ਼ੋਸ਼ਣ ਦੇ ਦੋਸ਼ ਦੀ ਪੁਸ਼ਟੀ ਕੀਤੀ ਹੈ।

ਆਰਕ ਡਾਇਸਿਸ ਨੇ ਕਿਹਾ ਕਿ ਫਾਦਰ ਪਾਪਾ-ਰਾਵ ਪਾਸਾਲਾ ਨੇ ਏਡਮੋਂਡ ਦੇ ਇੱਕ ਚਰਚ ਵਿੱਚ ਇੱਕ ਮਹੀਨਾ ਰਹਿਣ ਵੇਲੇ ਸਾਲ 2001 ਵਿੱਚ 17 ਸਾਲ ਇੱਕ ਲੜਕੇ ਦਾ ਅਨੁਚਿਤ ਲਾਭ ਉਠਾਉਣ ਦਾ ਯਤਨ ਕਰਨਾ ਸਵੀਕਾਰ ਕੀਤਾ ਹੈ। ਪਾਦਰੀ ਨੇ ਕਿਹਾ ਕਿ ਉਸਨੇ ਜੋ ਕੀਤਾ ਉਹ ਆਪਰਾਧਿਕ ਦਾਇਰੇ ਵਿੱਚ ਨਹੀਂ ਆਉਂਦਾ। ਇਸ ਦੇ ਬਾਅਦ ਪਾਦਰੀ ਆਪਣੇ ਮੂਲ ਸਥਾਨ ਭਾਰਤ ਮੁੜ ਗਿਆ ਸੀ। ਆਕਰਡ-ਅਸਿਸ ਦੀ ਬੁਲਾਰਾ ਡਿਐਨਕਲੇ ਨੇ ਕਿਹਾ ਕਿ ਪਾਸਲਾ ਡਾਅਸਿਸ ਆਫ ਨੇਲਲੋਰ ਦੀ ਅਨੁਸ਼ਾਸਨੀ ਕਾਰਵਾਈ ਦਾ ਸਾਹਮਣਾ ਕਰਨ ਦੇ ਲਈ ਭਾਰਤ ਵਾਪਸ ਗਏ ਹਨ। ਓਕਲਾਹਾਮਾ ਸਿਟੀ ਦੇ ਆਰਕ ਡਾਇਸਿ ਵੱਲੋਂ ਅਕਤੂਬਰ ਵਿੱਚ ਜਾਰੀ ਰਿਪੋਰਟ ਵਿੱਚ ਕਿਹਾ ਗਿਆ ਕਿ 1960 ਤੋਂ 2018 ਦੇ ਵਿੱਚ ਉਸ ਨਾਲ ਜੁੜੇ 11 ਪਾਦਰੀਆਂ ਦੇ ਖ਼ਿਲਾਫ਼ ਬਾਲ ਯੌਨ ਉਤਪੀੜਨ ਦੇ ਦੋਸ਼ਾਂ ਦੀ ਪੋਸ਼ਟੀ ਹੋਈ ਹੈ।

## ਸਪੇਸ ਫੋਰਸ ਬਣਾਉਣ ਬਾਰੇ ਅਮਰੀਕੀ ਸੈਨੇਟ ਨੇ ਪ੍ਰਵਾਨਗੀ ਦਿੱਤੀ

ਵਾਸ਼ਿੰਗਟਨ, 18 ਦਸੰਬਰ (ਪੋਸਟ ਬਿਊਰੋ)- ਅਮਰੀਕੀ ਪਾਰਲੀਮੈਂਟ ਦੇ ਉਪਰਲੇ ਸਦਨ ਸੈਨੇਟ ਨੇ ਮੰਗਲਵਾਰ ਸਾਲਾਨਾ ਰੱਖਿਆ ਬਜਟ ਉਤੇ ਆਪਣੀ ਮੋਹਰ ਲਾ ਦਿੱਤੀ। ਇਸ ਬਜਟ ਵਿੱਚ ਸਪੇਸ ਫੋਰਸ ਬਣਾਉਣ ਦੀ ਵਿਵਸਥਾ ਕੀਤੀ ਗਈ ਹੈ। ਇਸ ਨਾਲ ਜੁੜੇ ਬਿੱਲ ਵਿੱਚ ਅਮਰੀਕੀ ਫੌਜ ਦੀ ਨਵੀਂ ਬ੍ਰਾਂਚ ਵਜੋਂ ਪੁਲਾੜ ਦਸਤੇ ਦੀ ਸਥਾਪਨਾ ਦੀ ਗੱਲ ਕੀਤੀ ਗਈ ਹੈ। ਇਹ ਹਵਾਈ ਫੌਜ ਦੇ ਕੰਟਰੋਲ ਵਿੱਚ ਰਹੇਗੀ।



ਖਬਰ ਏਜੰਸੀ ਮੁਤਾਬਕ ਸੈਨੇਟ ਨੇ 738 ਅਰਬ ਡਾਲਰ ਦੇ ਰੱਖਿਆ ਬਜਟ ਦੇ ਬਿੱਲ ਨੂੰ ਭਾਰੀ ਬਹੁਮਤ ਨਾਲ ਪਾਸ ਕੀਤਾ ਹੈ। ਅੱਠ ਦੇ ਮੁਕਾਬਲੇ 86 ਵੋਟਾਂ ਨਾਲ ਪਾਸ ਨੈਸ਼ਨਲ ਡਿਫੈਂਸ ਆਥਰਾ ਇਜੈਕਸ਼ਨ ਐਕਟ ਅੱਗੋਂ ਵ੍ਹਾਈਟ ਹਾਊਸ ਨੂੰ ਭੇਜਿਆ ਜਾਵੇਗਾ। ਹੇਠਲੇ ਸਦਨ ਪ੍ਰਤੀਨਿਧ ਸਭਾ ਵਿੱਚ ਪਿਛਲੇ ਹਫਤੇ ਇਹ ਬਿੱਲ 48 ਦੇ ਮੁਕਾਬਲੇ 377 ਵੋਟਾਂ ਨਾਲ ਪਾਸ ਕੀਤਾ ਗਿਆ ਸੀ। ਸੈਨੇਟ ਦੀ ਆਰਮਡ ਸੇਵਾ ਕਮੇਟੀ ਦੇ ਪ੍ਰਧਾਨ ਜਿਮ ਇੰਹੋਫ ਨੇ ਕਿਹਾ, 'ਅਸੀਂ ਪੁਲਾੜ ਦੇ ਮੋਰਚੇ ਉੱਤੇ ਬਹੁਤ ਚੰਗਾ ਕੰਮ ਕੀਤਾ ਹੈ। ਅਸੀਂ ਤੇ ਸਾਡੇ ਸਹਿਯੋਗੀਆਂ ਸਾਹਮਣੇ ਇਕ ਵੱਡੀ ਕਮੀ ਹੈ ਕਿ ਰੂਸ ਅਤੇ ਚੀਨ ਕੋਲ ਪੁਲਾੜ ਦਸਤੇ ਹਨ, ਪਰ ਸਾਡੇ ਕੋਲ ਨਹੀਂ ਹਨ।' ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਸਾਲ ਅਮਰੀਕੀ ਰੱਖਿਆ ਮੰਤਰਾਲੇ ਪੈਂਟਾਗਨ ਨੂੰ ਸਪੇਸ ਫੋਰਸ ਬਣਾਉਣ ਦਾ ਆਦੇਸ਼ ਦਿੱਤਾ ਸੀ। ਟਰੰਪ ਨੇ ਕਿਹਾ ਸੀ, 'ਮੈਂ ਪੈਂਟਾਗਨ ਨੂੰ ਸਪੇਸ ਫੋਰਸ ਗਠਿਤ ਕਰਨ ਦੀ ਪ੍ਰਕਿਰਿਆ ਤੱਤਕਾਲ ਸ਼ੁਰੂ ਕਰਨ ਲਈ ਕਿਹਾ ਹੈ। ਸਾਡੇ ਕੋਲ ਏਅਰ ਫੋਰਸ ਹੈ ਪਰ ਅਸੀਂ ਉਸ ਤੋਂ ਅੱਗੇ ਜਾਣਾ ਹੈ, ਸਪੇਸ ਫੋਰਸ ਬਣਾਉਣੀ ਹੈ। ਸਪੇਸ ਫੋਰਸ ਵੀ ਏਅਰ ਫੋਰਸ ਵਰਗੀ ਹੋਵੇਗੀ।'

## ਸਾਲ 2019 'ਚ 49 ਪੱਤਰਕਾਰਾਂ ਦੀ ਹੱਤਿਆ ਹੋਈ

ਪੈਰਿਸ, 18 ਦਸੰਬਰ (ਪੋਸਟ ਬਿਊਰੋ)- ਇਸ ਸਾਲ ਵਿਸ਼ਵ 'ਚ 49 ਪੱਤਰਕਾਰਾਂ ਦੇ ਕਤਲ ਹੋਏ ਹਨ ਅਤੇ ਇਸ ਤੋਂ ਸੰਸਾਰ ਭਰਾ ਵਿੱਚ ਜਮਹੂਰੀ ਤਾਕਤਾਂ ਵਿੱਚ ਚਿੰਤਾ ਫੈਲ ਰਹੀ ਹੈ। ਰਿਪੋਰਟਰਸ ਵਿਦਾਊਟ ਬਾਡਰਸ ਨੇ ਇਸ ਬਾਰੇ ਕਿਹਾ ਕਿ ਪਿਛਲ 16 ਸਾਲਾਂ 'ਚ ਪੱਤਰਕਾਰਾਂ ਦੇ ਕਤਲ ਦਾ ਇਹ ਅੰਕੜਾ ਸਭ ਤੋਂ ਘੱਟ ਹੈ। ਪੈਰਿਸ ਦੇ ਇਸ ਸੰਗਠਨ ਨੇ ਨਾਲ ਹੀ ਸੁਚੇਤ ਵੀ ਕੀਤਾ ਹੈ ਕਿ 'ਪੱਤਰਕਾਰੀ ਸਭ ਤੋਂ ਖ਼ਤਰਨਾਕ ਪੇਸ਼ਾ' ਬਣਿਆ ਹੋਇਆ ਹੈ। ਇਸ ਸਾਲ 'ਚ ਜਿਹੜੇ ਪੱਤਰਕਾਰ ਮਾਰੇ ਗਏ, ਉਨ੍ਹਾਂ 'ਚ ਜ਼ਿਆਦਤਰ ਦੀ ਯਮਨ, ਸੀਰੀਆ ਤੇ ਅਫ਼ਗਾਨਿਸਤਾਨ 'ਚ ਸੰਘਰਸ਼ਾਂ ਦੀ ਕਰਵੇਜ ਦੌਰਾਨ ਹੱਤਿਆ ਕੀਤੀ ਗਈ। ਰਿਪੋਰਟ ਅਨੁਸਾਰ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਹਰ ਸਾਲ ਦੁਨੀਆ ਭਰ 'ਚ ਔਸਤਨ 80 ਪੱਤਰਕਾਰਾਂ ਦੀਆਂ ਹੱਤਿਆਵਾਂ ਹੋ ਰਹੀਆਂ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਸ਼ਾਂਤ ਮੰਨੇ ਜਾਂਦੇ ਦੇਸ਼ਾਂ 'ਚ ਵੀ ਪੱਤਰਕਾਰਾਂ ਦੀਆਂ ਕਾਫੀ ਹੱਤਿਆਵਾਂ ਹੋਈਆਂ ਹਨ। ਇਸ ਸਾਲ 10 ਪੱਤਰਕਾਰ ਇਕੱਲੇ ਮੈਕਸੀਕੋ 'ਚ ਮਾਰੇ ਗਏ। ਲੈਟਿਨ ਅਮਰੀਕਾ 'ਚ ਇਸ ਸਾਲ ਸਭ ਤੋਂ ਵੱਧ 14 ਪੱਤਰਕਾਰਾਂ ਦੇ ਕਤਲ ਹੋਏ ਤੇ ਇਹ ਪੱਤਰਕਾਰਾਂ ਲਈ ਮੱਧ ਪੂਰਬ ਜਿੰਨਾਂ ਖ਼ਤਰਨਾਕ ਸਾਬਿਤ ਹੋਇਆ ਹੈ। ਇਸ ਸਾਲ ਕਰੀਬ 389 ਪੱਤਰਕਾਰਾਂ ਨੂੰ ਜੇਲ੍ਹ 'ਚ ਸੁੱਟਿਆ ਗਿਆ, ਜੋ ਪਿਛਲੇ ਸਾਲ ਦੇ ਮੁਕਾਬਲੇ 12 ਫ਼ੀਸਦੀ ਜ਼ਿਆਦਾ ਹੈ। ਇਨ੍ਹਾਂ 'ਚੋਂ ਅੱਧੇ ਤਾਂ ਕਰੀਬ ਤਿੰਨ ਚੀਨ, ਮਿਸ਼ਰ ਤੇ ਸਾਊਦੀ ਅਰਬ ਦੇ ਹਨ। ਵਿਸ਼ਵ ਭਰ 'ਚ 57 ਪੱਤਰਕਾਰਾਂ ਨੂੰ ਬੰਦੀ ਬਣਾ ਕੇ ਰੱਖਿਆ ਹੋਇਆ ਹੈ, ਜਿਨ੍ਹਾਂ 'ਚੋਂ ਜ਼ਿਆਦਾਤਰ ਸੀਰੀਆ, ਯਮਨ, ਇਰਾਕ ਤੇ ਯੂਕਰੇਨ 'ਚ ਬੰਦੀ ਬਣਾਏ ਗਏ ਹਨ।

## ਨਿਤਿਨ ਗਡਕਰੀ ਬੋਲੇ : ਮੈਂ ਸੜਕ ਹਾਦਸਿਆਂ ਵਿੱਚ ਮੌਤਾਂ ਨਹੀਂ ਰੋਕ ਸਕਿਆ

ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਕੇਂਦਰੀ ਸੜਕੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਮੰਨਿਆ ਹੈ ਕਿ ਉਹ ਸੜਕ ਹਾਦਸਿਆਂ ਵਿੱਚ ਹੁੰਦੀਆਂ ਮੌਤਾਂ ਰੋਕ ਨਹੀਂ ਸਕੇ, ਇਸ ਲਈ ਉਹ ਆਪਣੇ ਮੰਤਰਾਲੇ ਦੀ ਅਸਫਲਤਾ ਮੰਨਦੇ ਹਨ। ਉਨ੍ਹਾਂ ਦੇਸ਼ ਦੀਆਂ ਨਵੀਆਂ ਟਰਾਂਸਪੋਰਟ ਯੋਜਨਾਵਾਂ ਦੇ ਦੀ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਦਿੱਲੀ ਤੋਂ ਮੁੰਬਈ ਸੜਕੀ ਰਸਤੇ 12 ਘੰਟਿਆਂ 'ਚ ਪਹੁੰਚਿਆ ਜਾ ਸਕੇਗਾ। ਇਸ ਬਾਰੇ ਹਾਈਵੇ 'ਤੇ ਤੇਜ਼ੀ ਨਾਲ ਕੰਮ ਹੋ ਰਿਹਾ ਹੈ।

ਨਿਤਿਨ ਗਡਕਰੀ ਨੇ ਕਿਹਾ ਕਿ ਮੇਰੇ ਵਿਭਾਗ ਨੇ ਸਭ ਖੇਤਰਾਂ ਵਿੱਚ ਸਫਲਤਾ ਨਾਲ ਕੰਮ ਕੀਤਾ ਹੈ। ਹਰ ਸਾਲ ਪੰਜ ਲੱਖ ਦੇ ਲਗਭਗ ਸੜਕ ਹਾਦਸੇ ਹੁੰਦੇ ਹਨ। ਡੇਢ ਲੱਖ ਦੇ ਕਰੀਬ ਮੌਤਾਂ ਹੋ ਜਾਂਦੀਆਂ ਹਨ। ਮਰਨ ਵਾਲੇ ਵਿਅਕਤੀਆਂ ਵਿੱਚੋਂ 65 ਫੀਸਦੀ 18 ਤੋਂ 35 ਸਾਲ ਦੇ ਉਮਰ ਦੇ ਹੁੰਦੇ ਹਨ। ਨਵਾਂ ਮੋਟਰ ਵਹੀਕਲ ਐਕਟ ਇੱਕ ਸਾਲ ਤੱਕ ਰਾਜ ਸਭਾ ਵਿੱਚ ਅਟਕਿਆ ਰਿਹਾ ਸੀ।

## ਅੱਠ ਰਾਜਾਂ ਵਿੱਚ ਹਿੰਦੂਆਂ ਨੂੰ ਘੱਟ ਗਿਣਤੀ ਦੇ ਦਰਜੇ ਤੋਂ ਸੁਪਰੀਮ ਕੋਰਟ ਦਾ ਇਨਕਾਰ

ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਪੰਜ ਭਾਈਚਾਰਿਆਂ ਸਿੱਖਾਂ, ਮੁਸਲਮਾਨਾਂ, ਈਸਾਈਆਂ, ਬੋਧੀਆਂ ਅਤੇ ਪਾਰਸੀਆਂ ਨੂੰ ਘੱਟ ਗਿਣਤੀ ਦਾ ਦਰਜਾ ਦੇਣ ਵਾਲੇ ਕੇਂਦਰ ਸਰਕਾਰ ਦੇ 26 ਸਾਲ ਪੁਰਾਣੇ ਨੋਟੀਫਿਕੇਸ਼ਨ ਦੀ ਜਾਇਜ਼ਤਾ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਕੱਲ੍ਹ ਰੱਦ ਕਰ ਦਿੱਤੀ। ਇਸ ਦੇ ਨਾਲ ਹੀ ਅੱਠ ਸੂਬਿਆਂ ਵਿੱਚ ਹਿੰਦੂਆਂ ਨੂੰ ਘੱਟਗਿਣਤੀ ਦਾ ਦਰਜਾ ਦੇਣ ਤੋਂ ਨਾਂਹ ਕਰ ਦਿੱਤੀ।

ਚੀਫ ਜਸਟਿਸ ਐੱਸ ਏ ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਇੱਕ ਭਾਜਪਾ ਨੇਤਾ ਅਤੇ ਵਕੀਲ ਅਸ਼ਵਨੀ ਕੁਮਾਰ ਉਪਾਧਿਆਏ ਵੱਲੋਂ ਦਾਇਰ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਨਾਂਹ ਕਰ ਦਿੱਤੀ। ਪਟੀਸ਼ਨ ਵਿੱਚ ਕਿਸੇ ਭਾਈਚਾਰੇ ਦੀ ਸੂਬੇ ਦੇ ਹਿਸਾਬ ਨਾਲ ਆਬਾਦੀ ਦੇ ਆਧਾਰ 'ਤੇ ਘੱਟ ਗਿਣਤੀ ਦਾ ਦਰਜਾ ਦੇਣ ਸੰਬੰਧੀ ਦਿਸ਼ਾ-ਨਿਰਦੇਸ਼ ਦੇਣ ਦੀ ਬੇਨਤੀ ਕੀਤੀ ਗਈ ਸੀ। ਅਦਾਲਤ ਨੇ ਕਿਹਾ ਕਿ ਕਿਸੇ ਧਰਮ ਨੂੰ ਪੂਰੇ ਦੇਸ਼ ਦੇ ਸੰਬੰਧ ਵਿੱਚ ਜੋੜ ਕੇ ਵੇਖਿਆ ਜਾਣਾ ਚਾਹੀਦਾ ਹੈ। ਉਕਤ ਬੈਂਚ ਵਿੱਚ ਜਸਟਿਸ ਬੀ ਆਰ ਗਵਈ ਅਤੇ ਜਸਟਿਸ ਸੂਰਿਆਕਾਂਤ ਵੀ ਸਨ। ਬੈਂਚ ਨੇ ਕਿਹਾ ਕਿ ਇੱਕ ਪਾਸੇ ਕਸ਼ਮੀਰ ਵਿੱਚ ਮੁਸਲਮਾਨ ਬਹੁਗਿਣਤੀ ਵਿੱਚ ਹਨ, ਪਰ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਘੱਟਗਿਣਤੀ ਵਿੱਚ ਹਨ। ਦੇਸ਼ ਦੀ ਸਮੁੱਚੀ ਆਬਾਦੀ ਨੂੰ ਵੇਖੋ ਤਾਂ ਮੁਸਲਮਾਨ ਘੱਟ ਗਿਣਤੀ ਵਿੱਚ ਹਨ। ਭਾਰਤ ਦੇ ਅੱਠ ਰਾਜਾਂ ਵਿੱਚ ਹਿੰਦੂ ਘੱਟ ਗਿਣਤੀ ਵਿੱਚ ਹਨ, ਪਰ ਉਥੇ ਉਨ੍ਹਾਂ ਨੂੰ ਘੱਟ ਗਿਣਤੀ ਦੇ ਲਾਭ ਨਹੀਂ ਮਿਲਦੇ। ਭਾਸ਼ਾਵਾਂ ਤਾਂ ਰਾਜਾਂ ਦੇ ਆਧਾਰ 'ਤੇ ਸੀਮਤ ਹਨ। ਧਰਮ ਦੀ ਕੋਈ ਹੱਦ ਨਹੀਂ ਹੈ। ਇਸ ਮਾਮਲੇ ਵਿੱਚ ਸਰਬ ਭਾਰਤੀ ਦ੍ਰਿਸ਼ਟੀਕੋਣ ਹੀ ਅਪਣਾਉਣਾ ਹੋਵੇਗਾ। ਲਕਸ਼ਦੀਪ ਦੇ ਮੁਸਲਮਾਨ ਹਿੰਦੂ ਕਾਨੂੰਨ ਦੀ ਪਾਲਣਾ ਕਰਦੇ ਹਨ। ਸੂਬਿਆਂ ਦੀ ਆਬਾਦੀ ਦੇ ਆਧਾਰ 'ਤੇ ਗਿਣਤੀ ਦਾ ਦਰਜਾ ਨਹੀਂ ਮਿਲ ਸਕਦਾ। ਇਸ ਪਟੀਸ਼ਨ ਵਿੱਚ ਜਿਨ੍ਹਾਂ ਅੱਠ ਸੂਬਿਆਂ ਵਿੱਚ ਹਿੰਦੂਆਂ ਦੇ ਘੱਟ ਗਿਣਤੀ ਵਿੱਚ ਹੋਣ ਦੀ ਗੱਲ ਕਹੀ ਗਈ ਸੀ, ਉਨ੍ਹਾਂ ਵਿੱਚ ਪੰਜਾਬ, ਜੰਮੂ-ਕਸ਼ਮੀਰ, ਲਕਸ਼ਦੀਪ, ਮਿਜ਼ੋਰਮ, ਅਰੁਣਾਚਲ ਪ੍ਰਦੇਸ਼, ਨਾਗਾਲੈਂਡ, ਮੇਘਾਲਿਆ ਅਤੇ ਮਣੀਪੁਰ ਸ਼ਾਮਲ ਹਨ।



ਸੁਪਰੀਮ ਕੋਰਟ ਨੇ ਸੋਧੇ ਹੋਏ ਨਾਗਰਿਕਤਾ ਕਾਨੂੰਨ ਵਿਰੁੱਧ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਹਿੰਸਕ ਵਿਖਾਵਿਆਂ ਦੀਆਂ ਘਟਨਾਵਾਂ ਦੀ ਜਾਂਚ ਲਈ ਸਾਬਕਾ ਜੱਜ ਦੀ ਅਗਵਾਈ ਹੇਠ ਜਾਂਚ ਕਮੇਟੀ ਗਠਿਤ ਕਰਨ ਤੋਂ ਇਨਕ-ਾਰ ਕਰ ਦਿੱਤਾ। ਚੀਫ ਜਸਟਿਸ ਐੱਸ ਏ ਬੋਬੜੇ, ਜਸਟਿਸ ਬੀ ਆਰ ਗਵਈ ਅਤੇ ਸੂਰਿਆਕਾਂਤ 'ਤੇ ਬੈਂਚ ਨੇ ਪਟੀਸ਼ਨ ਕਰਤਾ ਨੂੰ ਕਿਹਾ ਕਿ ਉਹ ਰਾਹਤ ਦੇ ਲਈ ਸੰਬੰਧਤ ਹਾਈ ਕੋਰਟ ਵਿੱਚ ਜਾਣ। ਹਾਈ ਕੋਰਟ ਵੱਲੋਂ ਇਸ ਤਰ੍ਹਾਂ ਦੀ ਜਾਂਚ ਕਮੇਟੀ ਬਣਾਈ ਜਾ ਸਕਦੀ ਹੈ। ਬੈਂਚ ਨੇ ਆਪਣੇ ਹੁਕਮ ਵਿੱਚ ਉਸ ਤੱਥ ਦਾ ਨੋਟਿਸ ਲਿਆ, ਜਿਸ ਵਿੱਚ ਪਟੀਸ਼ਨ ਕਰਤਾ ਦੇ ਦੋਸ਼ਾਂ ਦੇ ਹਰ ਤੱਥ ਨੂੰ ਕੇਂਦਰ ਵੱਲੋਂ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਗਲਤ ਦੱਸਿਆ ਸੀ। ਬੈਂਚ ਨੇ ਕਿਹਾ ਕਿ ਪਟੀਸ਼ਨ ਕਰਤਾ ਦੀ ਚਿੰਤਾ ਦੋ ਮੁੱਦਿਆਂ ਬਾਰੇ ਹੈ। ਇੱਕ ਵਿਦਿਆਰਥੀ ਦੀ ਅੰਨ੍ਹੇਵਾਹ ਗ੍ਰਿਫਤਾਰੀ ਤੇ ਦੂਜਾ ਜ਼ਖਮੀ ਵਿਦਿਆਰਥੀਆਂ ਨੂੰ ਢੁੱਕਵਾਂ ਇਲਾਜ ਨਾ ਮਿਲਣਾ। ਅਸੀਂ ਸਮਝਦੇ ਹਾਂ ਕਿ ਇਹ ਮਾਮਲੇ ਹਾਈ ਕੋਰਟਾਂ ਵੱਲੋਂ ਆਸਾਨੀ ਨਾਲ ਨਿਪਟਾਏ ਜਾ ਸਕਦੇ ਹਨ।

## ਇੰਟਰਨੈੱਟ ਵਰਤਣ ਵਾਲੀਆਂ 40 ਫੀਸਦੀ ਔਰਤਾਂ ਨੂੰ ਟਰੋਲ ਹੋਣ ਦਾ ਡਰ ਹੁੰਦੈ

ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਇੰਟਰਨੈਟ ਦੀ ਵਰਤੋਂ ਕਰਨ ਲਈ ਲੜਕੀਆਂ ਦਾ ਸਮਾਰਟਫੋਨ ਵਰਤਣਾ ਜ਼ਰੂਰੀ ਹੋ ਗਿਆ ਹੈ, ਪ੍ਰੰਤੂ ਇਸ ਦੇ ਨਾਲ ਉਨ੍ਹਾਂ ਨੂੰ ਇੰਟਰਨੈੱਟ 'ਤੇ ਬੇਕਾਰ ਟਿੱਪਣੀਆਂ, ਟ੍ਰੋਲ ਹੋਣ ਅਤੇ ਪਿੱਛਾ ਕੀਤੇ ਜਾਣ ਦਾ ਡਰ ਰਹਿੰਦਾ ਹੈ। ਭਾਰਤ ਵਿੱਚ ਸਮਾਰਟਫੋਨ ਵਰਤਣ ਵਾਲੀਆਂ ਕਰੀਬ ਚਾਲੀ ਫੀਸਦੀ ਔਰਤਾਂ ਹਨ।

ਵੈਰੀਜ਼ੋਨ ਮੀਡੀਆ ਲਈ ਨੀਲਸਨ ਨੇ ਪਿੱਛੇ ਜਿਹੇ ਭਾਰਤ ਦੇ 12 ਸ਼ਹਿਰਾਂ ਦੀਆਂ 1300 ਔਰਤਾਂ ਦਾ ਸਰਵੇ ਕੀਤਾ ਹੈ। ਕੱਲ੍ਹ ਜਾਰੀ ਇਸ ਸਰਵੇ ਦੇ ਅੰਕੜਿਆਂ ਮੁਤਾਬਕ ਮੈਟਰੋ ਸ਼ਹਿਰਾਂ ਦੀਆਂ 44 ਫੀਸਦੀ ਔਰਤਾਂ ਵਿਹਾਰ ਯੋਗਤਾ ਠੀਕ ਕਰਨ ਲਈ ਸਮਾਰਟਫੋਨ 'ਤੇ ਅੰਗਰੇਜ਼ੀ ਭਾਸ਼ਾ ਦਾ ਕੰਟੈਂਟ ਸਰਚ ਕਰਦੀਆਂ ਹਨ, ਤਾਂ ਕਿ ਨੌਕਰੀ ਲਈ ਖੁਦ ਨੂੰ ਅਪਡੇਟ ਰੱਖ ਸਕਣ। 18 ਤੋਂ 23 ਉਮਰ ਵਰਗ ਦੀਆਂ ਲੜਕੀਆਂ ਵਿੱਚ ਇਹ ਰੁਝਾਨ ਜ਼ਿਆਦਾ ਹੁੰਦਾ ਹੈ। ਔਰਤਾਂ ਸ਼ਾਮ ਤਿੰਨ ਤੋਂ ਰਾਤ ਨੌਂ ਵਜੇ ਵਿੱਚ ਆਨਲਾਈਨ ਹੁੰਦੀਆਂ ਹਨ। ਘੱਟ ਉਮਰ ਵਰਗ ਦੀਆਂ ਔਰਤਾਂ ਜਿੱਥੇ ਸਿਖਿਆ, ਕਰੀਅਰ ਵਾਧਾ ਅਤੇ ਕੌਸ਼ਲ ਵਿਕਾਸ ਨਾਲ ਜੁੜਿਆ ਕੰਟੈਂਟ ਸਰਚ ਕਰਦੀਆਂ ਹਨ ਤਾਂ 29 ਤੋਂ 35 ਉਮਰ ਵਰਗ ਦੀਆਂ ਔਰਤਾਂ ਨਿੱਜੀ ਸਿਹਤ ਨਾਲ ਜੁੜੀਆਂ ਵੀਡੀਓ ਕੰਟੈਂਟ ਲੱਭਦੀਆਂ ਹਨ। ਇੰਟਰਨੈੱਟ ਵਰਤਣ ਵਾਲੀਆਂ ਔਰਤਾਂ ਵਿੱਚੋਂ 60 ਫੀਸਦੀ ਮੋਬਾਈਲ ਦੇ ਜ਼ਰੀਏ ਆਨਲਾਈਨ ਰਹਿੰਦੀਆਂ ਹਨ। ਭਾਰਤੀ ਔਰਤਾਂ ਸਮਾਰਟਫੋਨ 'ਤੇ ਔਸਤਨ ਰੋਜ਼ 145 ਮਿੰਟ ਗੁਜਾਰਦੀਆਂ ਹਨ।

ਦਿਲਚਸਪ ਇਹ ਹੈ ਕਿ ਟੀਅਰ ਇੱਕ ਸ਼ਹਿਰਾਂ ਦੀਆਂ ਔਰਤਾਂ ਮੈਟਰੋ ਸ਼ਹਿਰਾਂ ਦੀਆਂ ਔਰਤਾਂ ਦੇ ਮੁਕਾਬਲੇ 25 ਮਿੰਟ ਇੰਟਰਨੈੱਟ 'ਤੇ ਜ਼ਿਆਦਾ ਸਮਾਂ ਬਿਤਾਉਂਦੀਆਂ ਹਨ।

## ਮਰਦ-ਔਰਤ ਬਰਾਬਰੀ ਦੇ ਪੱਖੋਂ ਭਾਰਤ 112ਵੇਂ ਥਾਂ, ਆਈਸਲੈਂਡ ਟੌਪਰ

ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਔਰਤਾਂ ਦੀ ਸਿਹਤ 'ਤੇ ਆਰਥਿਕ ਸਾਂਝ ਦੇ ਖੇਤਰ ਵਿੱਚ ਸਥਿਤੀ ਖਰਾਬ ਹੋਣ ਕਾਰਨ ਔਰਤ ਅਤੇ ਮਰਦ ਨਾਬਰਾਬਰੀ ਬਾਰੇ ਰਿਪੋਰਟ 'ਚ ਭਾਰਤ ਇੱਕ ਸਾਲ ਪਹਿਲਾਂ ਦੇ ਮੁਕਾਬਲੇ ਚਾਰ ਪੜਾਅ ਡਿੱਗ ਕੇ 112ਵੇਂ ਸਥਾਨ 'ਤੇ ਪਹੁੰਚ ਗਿਆ ਹੈ।




ਸਿਹਤ ਅਤੇ ਆਰਥਿਕ ਸਾਂਝੇਦਾਰੀ ਇਨ੍ਹਾਂ ਦੋ ਖੇਤਰਾਂ 'ਚ ਔਰਤਾਂ ਦੀ ਸਾਂਝੇਦਾਰੀ ਦੇ ਮਾਮਲੇ ਵਿੱਚ ਭਾਰਤ ਸਭ ਤੋਂ ਹੇਠਲਾ ਸਥਾਨ ਪਾਉਣ ਵਾਲੇ ਪੰਜ ਦੇਸ਼ਾਂ 'ਚ ਸ਼ਾਮਲ ਹੈ। ਵਿਸ਼ਵ ਆਰਥਿਕ ਮੰਚ ਦੀ ਔਰਤ ਅਤੇ ਮਰਦਾਂ ਦੇ ਵਿਚਾਲੇ ਵੱਖ ਵੱਖ ਖੇਤਰਾਂ 'ਚ ਵਧਦੇ ਫਾਸਲੇ ਨਾਲ ਸੰਬੰਧਤ ਇਸ ਸਾਲਾਨਾ ਸਰਵੇਖਣ ਰਿਪੋਰਟ 'ਚ ਇਹ ਗੱਲ ਕਹੀ ਗਈ ਹੈ। ਭਾਰਤ ਪਿਛਲੇ ਸਾਲ ਇਸ ਸੂਚੀ ਵਿੱਚ 108ਵੇਂ ਪੜਾਅ 'ਤੇ ਸੀ। ਵਿਸ਼ਵ ਆਰਥਿਕ ਮੰਚ ਦੀ ਔਰਤ-ਮਰਦ ਅੰਤਰ ਬੋਰਡ 'ਚ ਭਾਰਤ ਦਾ ਸਥਾਨ ਚੀਨ (106), ਸ੍ਰੀਲੰਕਾ (102), ਨੇਪਾਲ (101), ਬਰਾਜ਼ੀਲ (92), ਇੰਡੋਨੇਸ਼ੀਆ (85) ਅਤੇ ਬੰਗਲਾ ਦੇਸ਼ (50) ਤੋਂ ਵੀ ਹੇਠਾਂ ਹੈ। ਔਰਤ-ਮਰਦ ਦੇ ਵਿਚਾਲੇ ਸਭ ਤੋਂ ਜ਼ਿਆਦਾ ਸਮਾਨਤਾ ਆਈਸਲੈਂਡ 'ਚ ਹੈ।


FIRST CHOICE FINANCIAL LIMITED
TRUCK LOANS

ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

# ਕੈਰੀ ਬੈਗ ਦੇ ਪੈਸੇ ਲੈਣ ਉੱਤੇ ਡੋਮੀਨੋਜ਼ ਨੂੰ ਦਸ ਲੱਖ ਜੁਰਮਾਨਾ

ਚੰਡੀਗੜ੍ਹ, 18 ਦਸੰਬਰ (ਪੋਸਟ ਬਿਊਰੋ)- ਪੰਜਾਬ ਸਟੇਟ ਖਪਤਕਾਰ ਕਮਿਸ਼ਨ ਨੇ ਕੈਰੀ ਬੈਗ ਦੇ ਵੱਖਰੇ ਪੈਸੇ ਵਸੂਲਣ 'ਤੇ ਡੋਮੀਨੋਜ਼ ਪੀਜ਼ਾ ਦੀ ਕੰਪਨੀ ਜੁਬੀਲੇਂਟ ਫੂਡ ਵਰਕਸ ਨੂੰ ਦਸ ਲੱਖ ਰੁਪਏ ਜੁਰਮਾਨਾ ਲਾਇਆ ਹੈ।




ਮਿਲੀ ਜਾਣਕਾਰੀ ਅਨੁਸਾਰ ਦੋ ਵੱਖ-ਵੱਖ ਕੇਸਾਂ ਵਿੱਚ ਸੁਣਾਏ ਫੈਸਲਿਆਂ ਵਿੱਚ ਕੰਪਨੀ ਵੱਲੋਂ ਗ੍ਰਾਹਕਾਂ ਨੂੰ ਮੁਫਤ ਦੇ ਕੈਰੀ ਬੈਗ ਦੇਣ ਦੇ ਨਾਲ ਕੈਰੀ ਬੈਗ ਦੇ ਲਈ ਵਸੂਲੇ ਹੋਏ ਪੈਸੇ ਵੀ ਸ਼ਿਕਾਇਤ ਕਰਤਾਵਾਂ ਨੂੰ ਵਾਪਸ ਦੇਣ ਦਾ ਹੁਕਮ ਦਿੱਤਾ ਹੈ। ਇਸ ਦੇ ਨਾਲ ਦੋਵਾਂ ਗ੍ਰਾਹਕਾਂ ਨੂੰ ਇਸ ਦੌਰਾਨ ਹੋਈ ਪ੍ਰੇਸ਼ਾਨੀ ਲਈ 1500-1500 ਰੁਪਏ ਮੁਆਵਜ਼ਾ ਰਾਸ਼ੀ ਤੇ ਦਸ-ਦਸ ਹਜ਼ਾਰ ਰੁਪਏ ਸਟੇਟ ਕਮਿਸ਼ਨ ਸੋਸ਼ਲ ਵੈਲਫੇਅਰ ਫੰਡ ਵਿੱਚ ਜਮ੍ਹਾ ਕਰਾਉਣ ਲਈ ਕਿਹਾ ਹੈ। ਕਮਿਸ਼ਨ ਨੇ ਨੌਂ ਲੱਖ ਅੱਸੀ ਹਜ਼ਾਰ ਰੁਪਏ ਪੀ ਜੀ ਆਈ ਪੂਅਰ ਪੇਸ਼ੈਂਟ ਫੰਡ ਵਿੱਚ ਵੀ ਜਮ੍ਹਾ ਕਰਾਉਣ ਦਾ ਹੁਕਮ ਦਿੱਤਾ ਹੈ। ਇਸ ਸੰਬੰਧ ਵਿੱਚ ਕਮਿਸ਼ਨ ਨੇ ਕਿਹਾ ਕਿ ਕੰਪਨੀਆਂ ਲੋਕਾਂ ਦੀ ਮਜਬੂਰੀ ਦਾ ਲਾਭ ਨਾ ਉਠਾਉਣ।

ਸੈਕਟਰ 28 ਸੀ ਦੇ ਵਸਨੀਕ ਵਕੀਲ ਪੰਕਜ ਚੰਦਗੋਠੀਆ ਨੇ ਕੰਜ਼ਿਊਮਰ ਫੋਰਮ ਦੇ ਕੋਲ ਸੈਕਟਰ 8 ਸੀ ਵਿਚਲੇ ਡੋਮੀਨੋਜ਼ ਪੀਜ਼ਾ ਵੇਚਣ ਵਾਲੀ ਜੁਬੀਲੈਂਟ ਫੂਡ ਵਰਕਸ ਦੇ ਖਿਲਾਫ ਸ਼ਿਕਾਇਤ ਦਿੱਤੀ ਸੀ, ਜਿਸ ਵਿੱਚ ਉਨ੍ਹਾਂ ਦੱਸਿਆ ਕਿ ਦੋ ਪੀਜ਼ਾ ਲੈਣ ਲਈ ਉਨ੍ਹਾਂ ਨੇ ਆਪਣੇ ਡਰਾਈਵਰ ਨੂੰ ਸਟੋਰ ਵਿੱਚ ਭੇਜਿਆ ਸੀ। ਪੀਜ਼ਾ ਦੇ 306 ਰੁਪਏ ਮੰਗੇ ਗਏ। ਜਦ ਬਿਲ ਦੇਖਿਆ ਤਾਂ ਹੈਰਾਨ ਰਹਿ ਗਏ ਕਿ ਕੈਰੀਬੈਗ ਦੇ 14 ਰੁਪਏ ਵੀ ਚਾਰਜ ਕੀਤੇ ਗਏ ਸਨ। ਉਨ੍ਹਾਂ ਨੇ ਦੋਸ਼ ਲਾਇਆ ਕਿ ਸਟੋਰ ਵਿੱਚ ਕਿਤੇ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ ਗਿਆ ਕਿ ਕੈਰੀ ਬੈਗ ਦੇ ਵੱਖਰੇ ਪੈਸੇ ਚਾਰਜ ਕੀਤੇ ਜਾਣਗੇ। ਇੱਕ ਹੋਰ ਸ਼ਿਕਾਇਤਕਰਤਾ ਜਤਿੰਦਰ ਬਾਂਸਲ ਤੋਂ ਵੀ ਉਕਤ ਕੰਪਨੀ ਨੇ ਕੈਰੀ ਬੈਗ ਦੇ ਲਈ ਪੈਸੇ ਵਸੂਲੇ ਸਨ। ਦੋਵਾਂ ਕੇਸਾਂ ਵਿੱਚ ਕਮਿਸ਼ਨ ਨੇ ਇਹ ਫੈਸਲਾ ਸੁਣਾਇਆ ਹੈ।

# ਜਲੰਧਰ ਲੈਦਰ ਕੰਪਲੈਕਸ ਦੀਆਂ ਫੈਕਟਰੀਆਂ ਨੂੰ ਰਾਹਤ ਨਹੀਂ

ਚੰਡੀਗੜ੍ਹ, 18 ਦਸੰਬਰ (ਪੋਸਟ ਬਿਊਰੋ)- ਪ੍ਰਦੂਸ਼ਣ ਕਾਰਨ ਲਗਭਗ ਢਾਈ ਸਾਲ ਪਹਿਲਾਂ ਬੰਦ ਕਰਵਾ ਦਿੱਤੀਆਂ ਜਲੰਧਰ ਲੈਦਰ ਕੰਪਲੈਕਸ ਦੀਆਂ ਟੈਨਰੀਜ਼ ਨੂੰ ਇੱਕ ਵਾਰ ਫਿਰ ਹਾਈ ਕੋਰਟ ਤੋਂ ਰਾਹਤ ਨਹੀਂ ਮਿਲੀ।




ਇਨ੍ਹਾਂ ਫੈਕਟਰੀਆਂ ਵੱਲੋਂ ਪ੍ਰਦੂਸ਼ਣ ਕੰਟਰੋਲ ਦੇ ਪ੍ਰਬੰਧਾਂ ਬਾਰੇ ਐਫੀਡੇਵਿਟ ਸਿੱਧੇ ਕੋਰਟ ਵਿੱਚ ਪੇਸ਼ ਕਰਨ ਦੇ ਯਤਨ ਨੂੰ ਰੋਕਦੇ ਹੋਏ ਜਸਟਿਸ ਰਾਜੀਵ ਸ਼ਰਮਾ ਅਤੇ ਜਸਟਿਸ ਹਰਿੰਦਰ ਸਿੰਘ ਸਿੱਧੂ ਨੇ ਸੁਣਵਾਈ 19 ਦਸੰਬਰ ਤੱਕ ਮੁਲਤਵੀ ਕਰ ਕੇ ਕਿਹਾ ਕਿ ਫੈਕਟਰੀਆਂ ਦੇ ਮਾਲਕ ਆਪਣੇ ਐਫੀਡੇਵਿਟ ਾਈ ਕੋਰਟ ਦੀ ਰਜਿਸਟਰੀ ਵਿੱਚ ਦਾਇਰ ਕਰਨ। ਇਨ੍ਹਾਂ ਤੋਂ ਹੋਣ ਵਾਲੇ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਪੀ ਪੀ ਸੀ ਬੀ ਵੱਲੋਂ ਦਿੱਤੇ ਦਿਸ਼ਾ-ਨਿਰਦੇਸ਼ ਦੀ ਪਾਲਣਾ 'ਤੇ ਹਾਈ ਕੋਰਟ ਨੇ ਪਿਛਲੀ ਸੁਣਵਾਈ 'ਤੇ ਸਾਰੇ ਉਦਯੋਗਪਤੀਆਂ ਨੂੰ ਐਫੀਡੇਵਿਟ ਪੇਸ਼ ਕਰਨ ਨੂੰ ਕਿਹਾ ਸੀ।

ਪੀ ਪੀ ਸੀ ਬੀ ਦੇ ਮੈਂਬਰ ਸੈਕਟਰੀ ਨੇ ਹਾਈ ਕੋਰਟ ਵਿੱਚ ਦਾਇਰ ਐਫੀਡੇਵਿਟ ਵਿੱਚ ਇਨ੍ਹਾਂ ਫੈਕਟਰੀਆਂ ਦੇ ਲਈ ਪ੍ਰਦੂਸ਼ਣ ਕੰਟਰੋਲ ਬਾਰੇ ਛੇ ਨਵੇਂ ਨਿਯਮ ਸੁਝਾਏ ਹਨ। ਮਿਲੀ ਜਾਣਕਾਰੀ ਅਨੁਸਾਰ ਫੈਕਟਰੀਆਂ ਦੇ ਮਾਲਕਾਂ ਨੇ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਸੁਝਾਏ ਸਾਰੇ ਨਿਯਮ ਅਪਣਾਉਣ ਦੀ ਗੱਲ ਮੰਨ ਲਈ। ਹਾਈ ਕੋਰਟ ਨੇ 29 ਅਕਤੂਬਰ ਦੇ ਹੁਕਮਾਂ ਵਿੱਚ ਪ੍ਰਦੂਸ਼ਣ ਕੰਟਰੋਲ ਵਾਤਾਵਰਣ ਸੁਰੱਖਿਆ ਐਕਟ 1974 ਅਤੇ ਜਲ ਪ੍ਰਦੂਸ਼ਣ ਨਿਵਾਰਣ ਅਤੇ ਕੰਟਰੋਲ ਐਕਟ 1974 ਦੇ ਨਿਯਮਾਂ ਦੀ ਉਲੰਘਣਾ ਕਰਨ ਦੇ ਲਈ ਲੈਦਰ ਕੰਪਲੈਕਸ ਵਿੱਚ ਸਥਿਤ ਟੈਨਰੀਜ਼ ਨੂੰ ਬੰਦ ਕਰਨ ਦੇ ਹੁਕਮ ਦੇ ਦਿੱਤੇ ਸਨ ਜਿਸ ਦੇ ਬਾਅਦ ਤੋਂ 61 ਲੈਦਰ ਫੈਕਟਰੀਆਂ ਨੂੰ ਬੰਦ ਕਰਵਾ ਦਿੱਤਾ ਗਿਆ ਸੀ।

# ਮਾਮੇ ਦੇ ਵਿਆਹ ਆਏ ਮਾਸੂਮ ਦਾ ਕਤਲ, ਗੁਆਂਢੀਆਂ ਦੀ ਵਾਸ਼ਿੰਗ ਮਸ਼ੀਨ ਵਿੱਚੋਂ ਲਾਸ਼ ਮਿਲੀ

ਕਪੂਰਥਲਾ, 18 ਦਸੰਬਰ (ਪੋਸਟ ਬਿਊਰੋ)- ਘਰ ਵਿੱਚ ਵਿਆਹ ਵਾਲਾ ਮਾਹੌਲ ਓਦੋਂ ਮਾਤਮ ਵਿੱਚ ਬਦਲ ਗਿਆ, ਜਦੋਂ ਪਿੰਡ ਖੁਖਰੈਣ ਵਿੱਚ ਗਲੀ ਵਿੱਚ ਖੇਡਦੇ ਹੋਏ ਅਚਾਨਕ ਗੁੰਮ ਹੋਏ ਬੱਚੇ ਦੀ ਲਾਸ਼ ਗੁਆਂਢੀਆਂ ਦੀ ਕੱਪੜੇ ਧੋਣ ਦੀ ਮਸ਼ੀਨ ਵਿੱਚੋਂ ਮਿਲੀ। ਇਸ ਦੀ ਸੂਚਨਾ ਮਿਲਦੇ ਸਾਰ ਡੀ ਐੱਸ ਪੀ ਸਬ ਡਵੀਜ਼ਨ ਹਰਿੰਦਰ ਸਿੰਘ ਗਿੱਲ ਪੁਲਸ ਟੀਮ ਸਮੇਤ ਘਟਨਾ ਵਾਲੀ ਜਗ੍ਹਾ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕਰਵਾਈ ਹੈ।

ਸਿਵਲ ਹਸਪਤਾਲ ਵਿੱਚ ਮ੍ਰਿਤਕ ਬੱਚੇ ਅਧਿਰਾਜ (2) ਦੀ ਮਾਤਾ ਸੁਨੀਤਾ ਰਾਣੀ ਪਤਨੀ ਰਣਜੀਤ ਸਿੰਘ ਵਾਸੀ ਫਰੀਦ ਸਰਾਏ ਨੇ ਦੱਸਿਆ ਕਿ ਉਸ ਦੇ ਭਰਾ ਗਗਨਦੀਪ ਸਿੰਘ ਦਾ ਵਿਆਹ 22 ਦਸੰਬਰ ਨੂੰ ਹੋਣਾ ਹੈ, ਜਿਸ ਦੇ ਲਈ ਤਿਆਰੀਆਂ ਕਾਰਨ ਉਹ ਕਰੀਬ ਇੱਕ ਹਫਤਾ ਪਹਿਲਾਂ ਆਪਣੇ ਦੋਵਾਂ ਲੜਕਿਆਂ ਨਾਲ ਪੇਕੇ ਘਰ ਖੁਖਰੈਣ ਆਈ ਹੋਈ ਸੀ। ਦੁਪਹਿਰ ਬਾਅਦ ਉਸ ਦਾ ਬੇਟਾ ਅਧਿਰਾਜ ਬਾਕੀ ਬੱਚਿਆਂ ਨਾਲ ਗਲੀ ਵਿੱਚ ਖੇਡ ਰਿਹਾ ਸੀ, ਪ੍ਰੰਤੂ ਕੁਝ ਸਮੇਂ ਬਾਅਦ ਉਹ ਗਾਇਬ ਹੋ ਗਿਆ, ਜਿਸ ਦੀ ਉਨ੍ਹਾਂ ਨੇ ਤਲਾਸ਼ ਸ਼ੁਰੂ ਕਰ ਦਿੱਤੀ। ਇਸ ਬਾਰੇ ਉਸ ਪਰਵਾਰ ਨੇ ਗੁਰਦੁਆਰਾ ਸਾਹਿਬ ਵਿੱਚ ਅਨਾਊਂਸਮੈਂਟ ਵੀ ਕਰਵਾਈ, ਪਰ ਬੱਚੇ ਦਾ ਕੁਝ ਪਤਾ ਨਹੀਂ ਲੱਗਾ। ਫਿਰ ਪੁਲਸ ਨੂੰ ਬੱਚੇ ਦੇ ਲਾਪਤਾ ਹੋਣ ਬਾਰੇ ਸੂਚਿਤ ਕੀਤਾ ਤਾਂ ਪੁਲਸ ਪਾਰਟੀ ਨੇ ਪਿੰਡ ਪਹੁੰਚ ਕੇ ਬੱਚੇ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਪੁਲਸ ਅਧਿਕਾਰੀਆਂ ਨੇ ਉਨ੍ਹਾਂ ਦੇ ਘਰ ਦੇ ਬਾਹਰ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇਖੀ ਤਾਂ ਪਤਾ ਲੱਗਾ ਕਿ ਬੱਚਾ ਅਧਿਰਾਜ ਬਾਕੀ ਬੱਚਿਆਂ ਨਾਲ ਖੇਡਦੇ ਹੋਏ ਗੁਆਂਢੀ ਦੇ ਘਰ ਗਿਆ ਹੈ। ਕੁਝ ਸਮੇਂ ਬਾਅਦ ਦੋਵੇਂ ਬੱਚੇ ਵਾਪਸ ਆ ਗਏ, ਪਰ ਅਧਿਰਾਜ ਗੁਆਂਢੀ ਦੇ ਘਰੋਂ ਬਾਹਰ ਨਹੀਂ ਨਿਕਲਿਆ। ਬੱਚੇ ਦੀ ਤਲਾਸ਼ ਕਰਦੇ ਹੋਏ ਪੁਲਸ ਟੀਮ ਨੇ ਪਰਵਾਰਕ ਮੈਂਬਰਾਂ ਦੇ ਨਾਲ ਗੁਆਂਢ ਰਹਿੰਦੀ ਰਾਜ ਕੌਰ ਪਤਨੀ ਮਲਕੀਤ ਸਿੰਘ ਦੇ ਘਰ ਦੀ ਤਲਾਸ਼ੀ ਲਈ ਤਾਂ ਉਸ ਦੇ ਅੰਦਰ ਵਾਸ਼ਿੰਗ ਵਿੱਚ ਕੱਪੜੇ ਵਿੱਚ ਲਪੇਟ ਕੇ ਰੱਖੀ ਬੱਚੇ ਦੀ ਲਾਸ਼ ਮਿਲੀ। ਬੱਚੇ ਦੀ ਮਾਂ ਸੁਨੀਤਾ ਰਾਣੀ ਨੇ ਦੋਸ਼ ਲਾਇਆ ਕਿ ਉਸ ਦੇ ਬੇਟੇ ਨੂੰ ਰਾਜ ਅਤੇ ਉਸ ਦੇ ਪਰਵਾਰ ਨੇ ਮਾਰ ਕੇ ਵਾਸ਼ਿੰਗ ਮਸ਼ੀਨ ਵਿੱਚ ਛੁਪਾ ਕੇ ਰੱਖ ਦਿੱਤਾ ਹੋਵੇਗਾ। ਸਿਵਲ ਹਸਪਤਾਲ ਵਿੱਚ ਡਿਊਟੀ ਡਾਕਟਰ ਧਰਮਿੰਦਰ ਬੈਂਸ ਨੇ ਦੱਸਿਆ ਕਿ ਮ੍ਰਿਤਕ ਬੱਚੇ ਦੀ ਲਾਸ਼ ਦੇਖਣ ਤੋਂ ਲੱਗਦਾ ਹੈ ਕਿ ਮੌਤ ਕਰੀਬ ਤਿੰਨ-ਚਾਰ ਘੰਟੇ ਪਹਿਲਾਂ ਹੋ ਚੁੱਕੀ ਹੈ।

A/Z CITY DRIVER
WANTED
INNOVATION Transportation
∘A/Z City Drivers Needed
∘Good Pay and good Mileage
∘Day, Afternoon & Weekend Shifts
∘Weekly Pay
$22 /Hour
∘7 Days Work ∘All Shifts Available
Toronto ਤੋਂ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

# ਭਦੌੜ ਤੋਂ ਗਈ ਔਰਤ ਦਾ ਕੋਲਕਾਤਾ ਵਿੱਚ ਕਤਲ




ਭਦੌੜ, 18 ਦਸੰਬਰ (ਪੋਸਟ ਬਿਊਰੋ)- ਭਦੌੜ ਦੀ ਇੱਕ ਔਰਤ ਦਾ ਉਸ ਦੀ ਨੂੰਹ ਨੇ ਪ੍ਰੇਮੀ ਅਤੇ ਆਪਣੀ ਲੜਕੀ ਨਾਲ ਮਿਲ ਕੇ ਕੋਲਕਾਤਾ ਵਿੱਚ ਕਤਲ ਕਰ ਦਿੱਤਾ ਪਤਾ ਲੱਗਾ ਹੈ।

ਮਿਲੀ ਜਾਣਕਾਰੀ ਅਨੁਸਾਰ ਉਰਮਿਲਾ ਕੁਮਾਰੀ (62) ਪਤਨੀ ਸਵਰਗੀ ਚੂਹੜ ਰਾਮ 12 ਨਵੰਬਰ ਨੂੰ ਭਦੌੜ ਤੋਂ ਆਪਣੇ ਪੁੱਤਰਾਂ ਕੋਲ ਰਹਿਣ ਲਈ ਕੋਲਕਾਤਾ ਗਈ ਸੀ। ਉਥੇ ਉਹ ਆਪਣੇ ਛੋਟੇ ਪੁੱਤਰ ਬਲਰਾਜ ਕੋਲ ਰਹਿਣ ਲੱਗੀ, ਜਦ ਕਿ ਇੱਕ ਹੋਰ ਘਰ ਵਿੱਚ ਉਸ ਦੀ ਵੱਡੀ ਵਿਧਵਾ ਨੂੰਹ ਡਿੰਪਲ ਆਪਣੀਆਂ ਦੋ ਧੀਆਂ ਨਾਲ ਰਹਿ ਰਹੀ ਸੀ। ਆਪਣੀ ਮਾਤਾ ਉਰਮਿਲਾ ਕੁਮਾਰੀ ਦੇ ਕਿਰਿਆ ਕਰਮ ਲਈ ਜੱਦੀ ਪਿੰਡ ਭਦੌੜ ਪਹੁੰਚੇ ਦੀਪਕ ਕੁਮਾਰ ਨੇ ਦੱਸਿਆ ਕਿ ਉਹ ਸਿਲੀਗੁੜੀ ਵਿੱਚ ਰਹਿੰਦਾ ਹੈ ਤੇ ਉਸ ਦਾ ਛੋਟਾ ਭਰਾ ਬਲਰਾਜ, ਉਸ ਦਾ ਪਰਵਾਰ ਅਤੇ ਵਿਧਵਾ ਭਰਜਾਈ ਡਿੰਪਲ ਆਪਣੀਆਂ ਦੋ ਬੇਟੀਆਂ ਸਮੇਤ ਕੋਲਕਾਤਾ ਵਿੱਚ ਵੱਖ-ਵੱਖ ਘਰਾਂ ਵਿੱਚ ਰਹਿੰਦੇ ਹਨ। 12 ਨਵੰਬਰ ਨੂੰ ਮੇਰੀ ਮਾਤਾ ਮੇਰੇ ਭਰਾ ਕੋਲ ਰਹਿਣ ਲਈ ਕੋਲਕਾਤਾ ਆਈ ਸੀ। 11 ਦਸੰਬਰ ਨੂੰ ਬਲਰਾਜ ਇੱਕ ਵਿਆਹ ਵਿੱਚ ਹਿੱਸਾ ਲੈਣ ਦੇ ਲਈ ਉਸ ਦੇ ਕੋਲ ਸਿਲੀਗੁੜੀ ਆਇਆ ਸੀ ਅਤੇ ਉਸ ਦਾ ਪਰਵਾਰ ਪੰਜਾਬ ਗਿਆ ਹੋਇਆ ਸੀ। ਬਲਰਾਜ ਨੇ ਭਰਜਾਈ ਨੂੰ ਮਾਂ ਦਾ ਖਿਆਲ ਰੱਖਣ ਨੂੰ ਕਿਹਾ ਸੀ। 11 ਦਸੰਬਰ ਰਾਤ ਨੂੰ ਭਰਜਾਈ ਡਿੰਪਲ, ਉਸ ਦੀ 17 ਸਾਲ ਦੀ ਬੇਟੀ ਅਤੇ ਭਰਜਾਈ ਦੇ ਪ੍ਰੇਮੀ ਸੌਰਵ ਪੁਰੀ ਨਾਭਾ ਨੇ ਮਾਂ ਦੀ ਹੱਤਿਆ ਕਰ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਉਸ ਦੀ ਮਾਂ ਦਾ ਗਲਾ ਤੇਜ਼ਧਾਰ ਹਥਿਆਰ ਨਾਲ ਕੱਟ ਕੇ ਧੜ ਨਾਲੋਂ ਵੱਖ ਕਰ ਦਿੱਤਾ ਗਿਆ ਸੀ। ਡਿੰਪਲ ਉਸ ਦੀ ਮਾਂ 'ਤੇ ਸਾਰੀ ਜਾਇਦਾਦ ਉਸ ਦੇ ਨਾਂਅ ਕਰਨ ਦਾ ਦਬਾਅ ਪਾ ਰਹੀ ਸੀ। ਮਾਂ ਦੇ ਇਨਕਾਰ ਕਰਨ 'ਤੇ ਉਸ ਨੂੰ ਮਾਰ ਦਿੱਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਭਰਜਾਈ ਦੇ ਸੌਰਵ ਪੁਰੀ ਦੇ ਨਾਲ ਨਾਜਾਇਜ਼ ਸੰਬੰਧਾਂ ਬਾਰੇ ਪਹਿਲਾਂ ਬਿਲਕੁਲ ਪਤਾ ਨਹੀਂ ਸੀ।

# ਗੁਆਂਢੀ ਦੇ ਕੁੱਤੇ ਤੋਂ ਤੰਗ ਬੰਦੇ ਨੇ ਖੁਦਕੁਸ਼ੀ ਦੀ ਮਨਜ਼ੂਰੀ ਮੰਗੀ

ਜੀਂਦ, 18 ਦਸੰਬਰ (ਪੋਸਟ ਬਿਊਰੋ)- ਸ਼ਹਿਰ ਦੇ ਦਖਨੀਆ ਮੁਹੱਲੇ ਦੇ ਇੱਕ ਵਸਨੀਕ ਇੱਕ ਨੇ ਗ੍ਰਹਿ ਮੰਤਰੀ ਅਨਿਲ ਵਿਜ ਅਤੇ ਐਸ ਪੀ ਨੂੰ ਸ਼ਿਕਾਇਤ ਭੇਜ ਕੇ ਖੁਦਕੁਸ਼ੀ ਕਰਨ ਦੀ ਇਜਾਜ਼ਤ ਮੰਗੀ ਹੈ।



ਅਸਲ ਵਿੱਚ ਇਹ ਵਿਅਕਤੀ ਗੁਆਂਢੀ ਦੇ ਕੁੱਤੇ ਤੋਂ ਪ੍ਰੇਸ਼ਾਨ ਹੈ। ਕੁੱਤੇ ਨੇ ਇੱਕ ਵਾਰ ਉਸ ਨੂੰ ਵੱਢਿਆ ਵੀ ਹੈ। ਇਸ ਦੀ ਸ਼ਿਕਾਇਤ ਉਸ ਨੇ ਪੁਲਸ ਨੂੰ ਕੀਤੀ, ਪਰ ਜਦ ਪੁਲਸ ਨੇ ਇਸ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਤਾਂ ਉਸ ਨੇ ਗ੍ਰਹਿ ਮੰਤਰੀ ਅਨਿਲ ਵਿਜ ਅਤੇ ਐੱਸ ਪੀ ਨੂੰ ਪੱਤਰ ਲਿਖ ਕੇ ਕੁੱਤੇ ਦੇ ਮਾਲਕ ਦੇ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਜੇ ਅਜਿਹਾ ਨਹੀਂ ਹੋ ਸਕਦਾ ਤਾਂ ਪੀੜਤ ਨੇ ਖੁਦਕੁਸਲੀ ਕਰਨ ਦੀ ਇਜਾਜ਼ਤ ਮੰਗੀ ਹੈ। ਪੀੜਤ ਨੇ ਗ੍ਰਹਿ ਮੰਤਰੀ ਵਿਜ ਨੂੰ ਭੇਜੇ ਪੱਤਰ ਵਿੱਚ ਕਿਹਾ ਕਿ ਉਸ ਨੇ ਗੁਆਂਢੀ ਦੇ ਬਿਟ ਨਸਲ ਦੇ ਪਾਲਤੂ ਕੁੱਤੇ ਤੋਂ ਕੱਟੇ ਜਾਣ 'ਤੇ 17 ਜੁਲਾਈ ਨੂੰ ਸ਼ਹਿਰ ਥਾਣਾ ਵਿੱਚ ਸ਼ਿਕਾਇਤ ਕੀਤੀ ਸੀ, ਪਰ ਇਸ 'ਤੇ ਕੋਈ ਕਾਰਵਾਈ ਨਹੀਂ ਹੋਈ। ਉਲਟੇ ਉਸ 'ਤੇ ਸ਼ਿਕਾਇਤ ਵਾਪਸ ਲੈਣ ਦਾ ਦਬਾਅ ਬਣਾਇਆ ਗਿਆ। ਇਸੇ ਤਰ੍ਹਾਂ ਛੇ ਦਸੰਬਰ ਨੂੰ ਇਸੇ ਕੁੱਤੇ ਨੇ ਇੱਕ ਹੋਰ ਵਿਅਕਤੀ ਨੂੰ ਕੱਟਿਆ। ਇਸ ਦੀ ਵੀ ਉਸ ਨੇ ਪੁਲਸ ਨੂੰ ਸ਼ਿਕਾਇਤ ਕੀਤੀ, ਪਰ ਫਿਰ ਕੋਈ ਕਾਰਵਾਈ ਨਹੀਂ ਹੋਈ। ਪੀੜਤ ਨੇ ਦੱਸਿਆ ਕਿ ਕੁੱਤੇ ਦਾ ਮਾਲਕ ਰਾਤ ਨੂੰ ਕੁੱਤੇ ਨੂੰ ਲੈ ਕੇ ਗਲੀ ਵਿੱਚ ਨਿਕਲਦਾ ਹੈ। ਇਸ ਦੇ ਬਾਅਦ ਗਲੀ ਦੇ ਦੂਸਰੇ ਕੁੱਤੇ ਭੌਂਕਣ ਲੱਗਦੇ ਹਨ। ਇਸ ਕਾਰਨ ਕਾਫੀ ਸ਼ੋਰ ਸ਼ਰਾਬਾ ਹੁੰਦਾ ਹੈ ਅਤੇ ਆਂਢ ਗੁਆਂਢ ਵਿੱਚ ਸੌਂ ਰਹੇ ਲੋਕ ਪ੍ਰੇਸ਼ਾਨ ਹੁੰਦੇ ਹਨ।

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ ਫ੍ਰ ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW
AVTAR UPPAL Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਕੁਹਾੜੀ ਲੈ ਕੇ ਵਿਦਿਆਰਥੀਆਂ ਨੂੰ ਵੱਢਣਾ ਕਿਉਂ ਨਹੀਂ ਸ਼ੁਰੂ ਕਰ ਦਿੰਦੇ: ਹੁਮਾ



ਮੁੰਬਈ, 18 ਦਸੰਬਰ (ਪੋਸਟ ਬਿਊਰੋ)- ਨਾਗਰਿਕਤਾ ਸੋਧ ਕਾਨੂੰਨ ਦੇ ਵਿਰੁੱਧ ਜਾਮੀਆ ਮਿਲੀਆ ਦੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੇ ਬਾਅਦ ਪੁਲਸ ਦਾ ਤਾਕਤ ਵਰਤਣਾ ਇਸ ਵੇਲੇ ਵੱਡੀਆਂ ਚਰਚਾਵਾਂ ਵਿੱਚੋਂ ਇੱਕ ਹੈ। ਜਾਮੀਆ ਵਿੱਚ ਵਾਪਰੀ ਹਿੰਸਕ ਝੜਪ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਹਰ ਕੋਈ ਆਪਣਾ ਵਿਚਾਰ ਰੱਖ ਰਿਹਾ ਹੈ। ਅਜਿਹੇ ਵਿੱਚੇ ਬਾਲੀਵੁੱਡ ਸਿਤਾਰੇ ਵੀ ਅੱਗੇ ਵਧ ਕੇ ਇਨ੍ਹਾਂ ਮੁੱਦਿਆਂ ਆਪਣੀ ਰਾਇ ਰੱਖ ਰਹੇ ਹਨ।

ਪਿਛਲੇ ਦਿਨੀਂ ਜਾਮੀਆ ਮਿਲੀਆ ਯੂਨੀਵਰਸਿਟੀ ਵਿੱਚ ਹੋਏ ਹੰਗਾਮੇ 'ਤੇ ਆਪਣੇ ਕੁਮੈਂਟ ਦੇ ਕਾਰਨ ਅਭਿਨੇਤਰੀ ਹੁਮਾ ਕੁਰੈਸ਼ੀ ਕਾਫੀ ਚਰਚਾ ਵਿੱਚ ਹੈ। ਹੁਮਾ ਨੇ ਆਪਣੇ ਟਵੀਟ ਦੇ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਤੋਂ ਸਵਾਲ ਕੀਤਾ ਹੈ ਕਿ ਇਹ ਸਹੀ ਨਹੀਂ ਹੈ। ਸਾਡੇ ਕੋਲ ਇੱਕ ਧਰਮ ਨਿਰਪੱਖ ਲੋਕਤੰਤਰ ਹੈ। ਵਿਦਿਆਰਥੀਆਂ ਦੇ ਨਾਲ ਪੁਲਸ ਦਾ ਹਿੰਸਾ ਭਰਿਆ ਦੁਰ ਵਿਹਾਰ ਭਿਆਨਕ ਹੈ। ਦੇਸ਼ ਦੇ ਨਾਗਰਿਕਾਂ ਨੂੰ ਸ਼ਾਂਤੀਪੂਰਨ ਵਿਰੋਧ ਕਰਨ ਦਾ ਅਧਿਕਾਰ ਹੈ। ਪ੍ਰਧਾਨ ਮੰਤਰੀ ਮੋਦੀ ਅਤੇ ਅਮਿਤ ਸ਼ਾਹ, ਕੀ ਹੋਰ ਕੋਈ ਆਪਸ਼ਨ ਨਹੀਂ ਬਚਿਆ? ਹੁਮਾ ਨੇ ਆਪਣੇ ਇਸ ਟਵੀਟ ਨੂੰ ਪਿਨ ਟੂ ਟਾਪ 'ਤੇ ਰੱਖਿਆ ਹੈ। ਉਸ ਦੇ ਇਸ ਟਵੀਟ 'ਤੇ ਕਈ ਟਵਿੱਟਰ ਯੂਜ਼ਰਜ਼ ਨੇ ਜਵਾਬ ਦਿੱਤਾ ਤੇ ਉਨ੍ਹਾਂ ਨੂੰ ਟ੍ਰੋਲ ਵੀ ਕੀਤਾ ਹੈ। ਲੋਕਾਂ ਨੇ ਹਿੰਸਾਤਮਕ ਵੀਡੀਓਜ਼ ਸ਼ੇਅਰ ਕਰ ਕੇ ਹੁਮਾ ਤੋਂ ਹੀ ਸਵਾਲ ਕੀਤਾ ਹੈ ਕਿ ਕੀ ਇਹੀ ਸ਼ਾਂਤੀਪੂਰਨ ਵਿਰੋਧ ਹੈ? ਹਾਲਾਂਕਿ, ਹੁਮਾ ਦੇ ਇਸ ਟਵੀਟ 'ਤੇ ਟਵਿੱਟਰ ਯੂਜ਼ਰ ਉਨ੍ਹਾਂ ਨੂੰ ਖੂਬ ਟ੍ਰੋਲ ਕਰ ਰਹੇ ਹਨ।

# ਉਨਾਵ ਰੇਪ ਕੇਸ ਵਿਚ ਵਿਧਾਇਕ ਸੇਂਗਰ ਦੀ ਸਜ਼ਾ ਦੀ ਸੁਣਵਾਈ ਸ਼ੁੱਕਰਵਾਰ ਉੱਤੇ ਪਈ

ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਦਿੱਲੀ ਦੀ ਇੱਕ ਕੋਰਟ ਨੇ ਉਨਾਵ ਬਲਾਤਕਾਰ ਕੇਸ ਵਿੱਚ ਭਾਜਪਾ ਤੋਂ ਕੱਢੇ ਹੋਏ ਵਿਧਾਇਕ ਕੁਲਦੀਪ ਸੇਂਗਰ ਦੀ ਸਜ਼ਾ 'ਤੇ ਸੁਣਵਾਈ 20 ਦਸੰਬਰ ਤੱਕ ਟਾਲ ਦਿੱਤੀ ਹੈ।

ਵਰਨਣ ਯੋਗ ਹੈ ਕਿ ਕੁਲਦੀਪ ਸੇਂਗਰ ਨੂੰ 2017 ਦੇ ਉਨਾਵ ਬਲਾਤਕਾਰ ਕੇਸ ਦਾ ਦੋਸ਼ੀ ਠਹਿਰਾਇਆ ਗਿਆ ਹੈ। ਜ਼ਿਲਾ ਜੱਜ ਧਰਮੇਸ਼ ਸ਼ਰਮਾ ਨੇ ਸੁਣਵਾਈ ਸ਼ੁੱਕਰਵਾਰ ਤੱਕ ਦੇ ਲਈ ਟਾਲ ਦਿੱਤੀ ਹੈ। ਮਾਮਲੇ ਦੀ ਜਾਂਚ ਕਰਨ ਵਾਲੇ ਸੀ ਬੀ ਆਈ ਨੇ ਸੇਂਗਰ ਨੂੰ ਵੱਧ ਤੋਂ ਵੱਧ ਸਜ਼ਾ ਦੇਣ ਦੀ ਮੰਗ ਕੀਤੀ। ਏਜੰਸੀ ਨੇ ਬਲਾਤਕਾਰ ਪੀੜਤਾ ਨੂੰ ਢੁੱਕਵਾਂ ਮੁਆਵਜ਼ਾ ਦਿੱਤੇ ਜਾਣ ਦੀ ਵੀ ਬੇਨਤੀ ਕੀਤੀ ਹੈ। ਕੋਰਟ ਨੇ ਸੇਂਗਰ ਨੂੰ ਸੋਮਵਾਰ ਭਾਰਤੀ ਦੰਡਾਵਲੀ ਅਤੇ ਪੋਕਸੋ ਕਾਨੂੰਨ ਦੇ ਤਹਿਤ ਦੋਸ਼ੀ ਠਹਿਰਾਇਆ ਹੈ। ਅਪਰਾਧ ਦੇ ਸਮੇਂ ਬਲਾਤਕਾਰ ਪੀੜਤਾ ਨਾਬਾਲਗ ਸੀ।

# ਛੇੜਛਾੜ ਤੋਂ ਤੰਗ ਆਈ ਵਿਦਿਆਰਥਣ ਵੱਲੋਂ ਖ਼ੁਦਕੁਸ਼ੀ

ਬਠਿੰਡਾ, 18 ਦਸੰਬਰ (ਪੋਸਟ ਬਿਊਰੋ)- ਇੱਕ ਮਨਚਲੇ ਵੱਲੋਂ ਕੀਤੀ ਜਾਂਦੀ ਛੇੜਛਾੜ ਅਤੇ ਨਾਜਾਇਜ਼ ਸਬੰਧ ਬਣਾਉਣ ਲਈ ਪਏ ਜਾ ਰਹੇ ਦਬਾਅ ਤੋਂ ਦੁਖੀ ਹੋਈ ਸਰਕਾਰੀ ਸਕੂਲ ਦੀ 10ਵੀਂ ਦੀ ਇੱਕ ਵਿਦਿਆਰਥਣ ਨੇ ਜ਼ਹਿਰੀਲੀ ਚੀਜ਼ ਪੀ ਕੇ ਖ਼ੁਦਕੁਸ਼ੀ ਕਰ ਲਈ ਹੈ। ਪੁਲਸ ਨੇ ਮ੍ਰਿਤਕ ਲੜਕੀ ਦੀ ਮਾਤਾ ਦੇ ਬਿਆਨਾਂ ਉੱਤੇ ਕੇਸ ਦਰਜ ਕਰ ਲਿਆ ਹੈ।



ਥਾਣਾ ਫੂਲ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਕੁੜੀ ਦੀ ਮਾਂ ਨੇ ਦੱਸਿਆ ਕਿ ਉਸ ਦੀ 15 ਸਾਲਾ ਨਾਬਾਲਗ ਕੁੜੀ ਜ਼ਿਲ੍ਹੇ ਦੇ ਇੱਕ ਸਰਕਾਰੀ ਸਕੂਲ 'ਚ 10ਵੀਂ ਵਿੱਚ ਪੜ੍ਹਦੀ ਸੀ। ਉਹ ਪਿਛਲੇ ਕਈ ਦਿਨਾਂ ਤੋਂ ਸਕੂਲ ਪੜ੍ਹਨ ਨਹੀਂ ਜਾ ਰਹੀ ਸੀ। ਉਸ ਨੇ ਦੱਸਿਆ ਕਿ ਪਿੰਡ ਫੂਲ ਦਾ ਨੌਜਵਾਨ ਗਗਨਦੀਪ ਸਿੰਘ ਸਕੂਲ ਜਾਂਦੇ ਸਮੇਂ ਕੁੜੀ ਦਾ ਰੋਜ਼ ਪਿੱਛਾ ਕਰਦਾ ਸੀ ਅਤੇ ਨਾਜਾਇਜ਼ ਸਬੰਧ ਬਣਾਉਣ ਲਈ ਦਬਾਅ ਪਾ ਰਿਹਾ ਸੀ। ਪੀੜਤ ਨੇ ਦੱਸਿਆ ਕਿ ਉਸ ਦਾ ਪਤੀ ਡਰਾਈਵਰ ਹੈ ਅਤੇ ਜ਼ਿਆਦਾ ਬਾਹਰ ਰਹਿੰਦਾ ਹੈ। ਉਸ ਨੌਜਵਾਨ ਨੂੰ ਏਦਾਂ ਕਰਨੋਂ ਰੋਕਣ ਲਈ ਉਸ ਨੇ ਪਿੰਡ ਫੂਲ ਦੇ ਰੇਸ਼ਮ ਸਿੰਘ ਨੂੰ ਭੇਜਿਆ ਪਰ ਇਸ ਦੇ ਬਾਵਜੂਦ ਉਹ ਕੁੜੀ ਉਤੇ ਦਬਾਅ ਪਾਉਂਦਾ ਰਿਹਾ ਜਿਸ ਤੋਂ ਦੁਖੀ ਹੋ ਕੇ ਉਸ ਨੇ 11 ਦਸੰਬਰ ਨੂੰ ਜ਼ਹਿਰੀਲੀ ਦਵਾਈ ਪੀ ਲਈ। ਉਸ ਨੂੰ ਇਲਾਜ ਲਈ ਬਠਿੰਡਾ ਦੇ ਇੱਕ ਹਸਪਤਾਲ 'ਚ ਦਾਖਲ ਕਰਵਾਇਆ ਤਾਂ ਓਥੇ ਕੱਲ੍ਹ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੁਲਸ ਨੇ ਗਗਨਦੀਪ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

# ਐੱਨ ਓ ਸੀ ਦੇ ਬਿਨਾਂ ਨਾਜਾਇਜ਼ ਕਲੋਨੀਆਂ ਦੇ ਪਲਾਟ ਜਾਂ ਘਰ ਦੀ ਰਜਿਸਟਰੀ ਨਹੀਂ ਹੋਵੇਗੀ

ਜਲੰਧਰ, 18 ਦਸੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਨਾਜਾਇਜ਼ ਕਲੋਨੀਆਂ ਵਿੱਚ ਰਿਹਾਇਸ਼ੀ ਅਤੇ ਕਾਰੋਬਾਰੀ ਜਾਇਦਾਦਾਂ ਦੀ ਐੱਨ ਓ ਸੀ (ਨੋ ਆਬਜੈਕਸ਼ਨ ਸਰਟੀਫਿਕੇਟ) ਦੇ ਬਿਨਾਂ ਰਜਿਸਟਰੀ/ ਟਰਾਂਸਫਰ ਡੀਡ ਕਰਨ ਉਤੇ ਪਾਬੰਦੀ ਲਾ ਦਿੱਤੀ ਹੈ। ਕੱਲ੍ਹ ਪੰਜਾਬ ਦੇ ਮਾਲ ਅਤੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ ਦੇ ਸਪੈਸ਼ਲ ਸੈਕਟਰੀ ਨੇ ਰਾਜ ਦੇ ਸਾਰੇ ਰਜਿਸਟਰਾਰ, ਸਬ ਰਜਿਸਟਰਾਰ ਅਤੇ ਸਹਿ ਰਜਿਸਟਰਾਰ ਨੂੰ ਹੁਕਮ ਜਾਰੀ ਕੀਤੇ ਹਨ ਕਿ ਉਹ ਐਨ ਓ ਸੀ ਦੇ ਬਿਨਾਂ ਕਿਸੇ ਪ੍ਰਾਪਰਟੀ ਦੀ ਵਿਕਰੀ ਜਾਂ ਟਰਾਂਸਫਰ ਨਾ ਕਰਨ, ਪਰ ਰਜਿਸਟਰੀ ਤੋਂ ਮਨ੍ਹਾ ਨਾ ਕੀਤਾ ਜਾਵੇ ਅਤੇ ਜਦ ਤੱਕ ਸੰਬੰਧਤ ਵਿਭਾਗ ਤੋਂ ਜਾਰੀ ਐਨ ਓ ਸੀ ਪੇਸ਼ ਨਹੀਂ ਕੀਤੀ ਜਾਂਦੀ, ਤਦ ਤੱਕ ਵਸੀਕੇ ਨੂੰ ਰਜਿਸਟਰੇਸ਼ਨ ਲਈ ਪੈਂਡਿੰਗ ਕੇਸਾਂ ਵਾਲੀ ਫਾਈਲ ਦਾ ਹਿੱਸਾ ਬਣਾਈ ਰੱਖਿਆ ਜਾਵੇ।



ਸਪੈਸ਼ਲ ਸੈਕਟਰੀ ਨੇ ਦੱਸਿਆ ਕਿ ਪੰਜਾਬ ਅਪਾਰਟਮੈਂਟ ਅਤੇ ਰੈਗੂਲੇਸ਼ਨ ਐਕਟ 1995 ਦੀ ਧਾਰਾ 29 ਅਤੇ ਧਾਰਾ 20 (3) ਵਿੱਚ ਕੀਤੀ ਸੋਧ ਦੇ ਅਨੁਸਾਰ ਸਬ ਰਜਿਸਟਰਾਰ/ ਸਹਿ ਰਜਿਸਟਰਾਰ ਇਹ ਤਸੱਲੀ ਕਰਨ ਪਿੱਛੋਂ ਹੀ ਨਾਜਾਇਜ਼ ਕਲੋਨੀਆਂ ਵਿੱਚ ਰਜਿਸਟਰੀ ਕਰਨਗੇ ਕਿ ਸੰਬੰਧਤ ਵਿਭਾਗ ਨੇ ਉਸ ਪ੍ਰਾਪਰਟੀ ਦੇ ਲਈ ਐਨ ਓ ਸੀ ਜਾਰੀ ਕੀਤੀ ਹੈ ਜਾਂ ਨਹੀਂ? ਉਨ੍ਹਾਂ ਦੱਸਿਆ ਕਿ ਇਹ ਕੇਸ ਕਾਨੂੰਨੀ ਵਿਭਾਗ ਨੂੰ ਰਾਏ ਦੇਣ ਲਈ ਰੈਫਰ ਕੀਤਾ ਸੀ ਕਿ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ 1995 ਵਿੱਚ ਇਸ ਸੋਧ ਦੇ ਨੋਟੀਫਿਕੇਸ਼ਨ ਮੁਤਾਬਕ ਸਬ ਰਜਿਸਟਰਾਰ/ ਜਾਇੰਟ ਸਬ ਰਜਿਸਟਰਾਰ ਆਦਿ ਰਜਿਸਟਰੇਸ਼ਨ ਐਕਟ 1908 ਦੀਆਂ ਧਾਰਾਵਾਂ ਹੇਠ ਕੰਮ ਕਰਨ ਦੇ ਪਾਬੰਦ ਹਨ ਜਾਂ ਨਹੀਂ? ਵਿਭਾਗ ਨੇ ਰਾਏ ਦਿੱਤੀ ਹੈ ਕਿ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਪੰਜਾਬ ਅਪਾਰਟਮੈਂਟ ਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ 1995, ਜੋ ਸਟੇਟ ਐਕਟ ਹੈ, ਦੇ ਕਾਰਨ ਰਜਿਸਟਰਾਰ, ਸਬ ਰਜਿਸਟਰਾਰ ਸੈਂਟਰਲ ਐਕਟ ਦੀ ਧਾਰਾ ਹੇਠ ਕੰਮ ਕਰਨ ਦੇ ਪਾਬੰਦ ਨਹੀਂ।

## ਘਰ ਦੀ ਛੱਤ ਡਿੱਗਣ ਕਾਰਨ ਦੋ ਬੱਚਿਆਂ ਦੀ ਮੌਤ

ਮੂਨਕ, 18 ਦਸੰਬਰ (ਪੋਸਟ ਬਿਊਰੋ)- ਇਥੋਂ ਦੇ ਵਾਰਡ ਨੰਬਰ-4 ਮਾਸਟਰ ਕਾਲੋਨੀ ਵਿੱਚ ਕੱਲ੍ਹ ਸਵੇਰੇ ਇੱਕ ਘਰ ਦੀ ਛੱਤ ਡਿੱਗਣ ਕਰਕੇ ਦੋ ਬੱਚਿਆਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਜਣੇ ਜ਼ਖ਼ਮੀ ਹੋ ਗਏ।

ਬਾਜ਼ੀਗਰ ਬਸਤੀ ਵਿੱਚ ਡੀ ਸੀ ਰਾਮ ਆਪਣੇ ਪਰਵਾਰ ਸਮੇਤ ਸੁੱਤਾ ਪਿਆ ਸੀ ਕਿ ਸਵੇਰੇ ਕਰੀਬ ਛੇ ਵਜੇ ਉਸ ਦੇ ਘਰ ਦੀ ਛੱਤ ਡਿੱਗ ਪਈ ਤੇ ਸੁੱਤੇ ਹੋਏ ਦੋ ਬੱਚਿਆਂ ਰਿੰਕੂ (11) ਪੁੱਤਰ ਡੀ ਸੀ ਰਾਮ ਅਤੇ ਖੁਸ਼ੀ (12) ਪੁੱਤਰੀ ਸੁਖਚੈਨ ਸਿੰਘ ਸੁੱਖੀ ਦੀ ਮਲਬੇ ਹੇਠਾਂ ਦੱਬਣ ਕਰਕੇ ਮੌਤ ਹੋ ਗਈ। ਇਨ੍ਹਾਂ ਬੱਚਿਆਂ ਨੂੰ ਮਲਬੇ 'ਚੋਂ ਕੱਢਣ ਲਈ ਪਰਵਾਰਕ ਮੈਂਬਰ ਤੇ ਗੁਆਂਢੀ ਜਦੋਂ ਕੋਸ਼ਿਸ਼ਾਂ ਕਰ ਰਹੇ ਸਨ ਤਾਂ ਨਾਲ ਦੇ ਕਮਰੇ ਦੀ ਛੱਤ ਵੀ ਡਿੱਗ ਗਈ। ਇਸ ਕਾਰਨ ਰਾਂਝਾ, ਮੁਨਸ਼ੀ ਰਾਮ, ਸਿੰਦਰੋ ਦੇਵੀ ਅਤੇ ਡੀ ਸੀ ਰਾਮ ਗੰਭੀਰ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਮੂਨਕ ਦੇ ਸਰਕਾਰੀ ਹਸਪਤਾਲ ਦਾਖ਼ਲ ਕਰਵਾਇਆ ਗਿਆ, ਜਿਥੇ ਦੋ ਜਣਿਆਂ ਦੀ ਹਾਲਤ ਗੰਭੀਰ ਹੋਣ ਕਰਕੇ ਉਨ੍ਹਾਂ ਨੂੰ ਟੋਹਾਣਾ ਦੇ ਹਸਪਤਾਲ ਭੇਜ ਦਿੱਤਾ ਗਿਆ ਹੈ।

# ਟਰੈਕਟਰ ਪਲਟਣ ਕਾਰਨ ਤਾਏ-ਭਤੀਜੇ ਦੀ ਮੌਤ

ਫਿਰੋਜ਼ਪੁਰ, 18 ਦਸੰਬਰ (ਪੋਸਟ ਬਿਊਰੋ)- ਇਸ ਜ਼ਿਲ੍ਹੇ ਦੇ ਕਸਬਾ ਮੱਲਾਂਵਾਲਾ ਵਿੱਚ ਬਸਤੀ ਅਮਰ ਸਿੰਘ ਵਾਲੀ ਵਿਖੇ ਕੱਲ੍ਹ ਦੁਪਹਿਰ ਟਰੈਕਟਰ ਪਲਟਣ ਕਾਰਨ ਤਾਏ-ਭਤੀਜੇ ਗੁਰਦੇਵ ਸਿੰਘ (32) ਅਤੇ ਖੁਸ਼ਦੀਪ ਸਿੰਘ (8) ਵਾਸੀ ਬਸਤੀ ਅਮਰ ਸਿੰਘ ਵਾਲੀ ਦੀ ਮੌਤ ਹੋ ਗਈ। ਦੋਵੇਂ ਖੇਤਾਂ 'ਚ ਕਣਕ ਨੂੰ ਖਾਦ ਪਾ ਕੇ ਮੁੜ ਰਹੇ ਸਨ।

ਇਸ ਬਾਰੇ ਕੁਲਵੰਤ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਬਸਤੀ ਅਮਰ ਸਿੰਘ ਵਾਲੀ ਨੇ ਦੱਸਿਆ ਕਿ ਉਸ ਦਾ ਭਰਾ ਗੁਰਦੇਵ ਸਿੰਘ ਖੇਤਾਂ 'ਚ ਖਾਦ ਪਾਉਣ ਲਈ ਘਰੋਂ ਟਰੈਕਟਰ 'ਤੇ ਗਿਆ ਸੀ। ਇਸ ਮੌਕੇ ਉਸ ਦਾ ਲੜਕਾ ਖੁਸ਼ਦੀਪ ਵੀ ਆਪਣੇ ਤਾਏ ਨਾਲ ਚਲਾ ਗਿਆ। ਕੁਲਵੰਤ ਸਿੰਘ ਨੇ ਦੱਸਿਆ ਕਿ ਜਦੋਂ ਗੁਰਦੇਵ ਅਤੇ ਖੁਸ਼ਦੀਪ ਕਣਕ ਨੂੰ ਖਾਦ ਪਾ ਕੇ ਵਾਪਸ ਆ ਰਹੇ ਸਨ ਤਾਂ ਇਸੇ ਦੌਰਾਨ ਟਰੈਕਟਰ ਖੇਤ 'ਚ ਫਸ ਗਿਆ। ਢਲਾਣ ਜ਼ਿਆਦਾ ਹੋਣ ਕਾਰਨ ਟਰੈਕਟਰ ਨੂੰ ਸੜਕ 'ਤੇ ਲਿਆਉਣਾ ਮੁਸ਼ਕਲ ਹੋ ਰਿਹਾ ਸੀ। ਗੁਰਦੇਵ ਸਿੰਘ ਨੇ ਕਾਫੀ ਕੋਸ਼ਿਸ਼ ਕੀਤੀ ਪਰ ਟਰੈਕਟਰ ਡੂੰਘਾਈ 'ਚੋਂ ਬਾਹਰ ਨਹੀਂ ਨਿਕਲਿਆ। ਗੁਰਦੇਵ ਸਿੰਘ ਨੇ ਰੇਸ ਦੇ ਕੇ ਟਰੈਕਟਰ ਨੂੰ ਸੜਕ 'ਤੇ ਚਾੜ੍ਹਨਾ ਚਾਹਿਆ ਪਰ ਸਤੁੰਲਨ ਵਿਗੜ ਜਾਣ ਕਾਰਨ ਟਰੈਕਟਰ ਪਲਟ ਗਿਆ ਤੇ ਗੁਰਦੇਵ ਸਿੰਘ ਤੇ ਖੁਸ਼ਦੀਪ ਸਿੰਘ ਦੋਵੇਂ ਇਸ ਤੋਂ ਡਿੱਗ ਗਏ ਅਤੇ ਟਰੈਕਟਰ ਉਨ੍ਹਾਂ ਦੇ ਉਪਰ ਡਿੱਗ ਗਿਆ। ਹਾਦਸਾ ਵਾਪਰਨ ਸਮੇਂ ਆਸਪਾਸ ਵੀ ਉਨ੍ਹਾਂ ਨੂੰ ਬਚਾਉਣ ਵਾਲਾ ਕੋਈ ਮੌਜੂਦ ਨਹੀਂ ਸੀ ਜਿਸ ਕਾਰਨ ਦੋਵਾਂ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਪੁਲਸ ਵੱਲੋਂ ਮਾਮਲੇ ਸਬੰਧੀ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ।

# ਚਲਦੀ ਰੇਲ ਗੱਡੀ ਦਾ ਹੁੱਕ ਖੁੱਲ ਕੇ ਡੱਬੇ ਇੰਜਨ ਤੋਂ ਵੱਖ ਹੋਏ

ਗੁਰਦਾਸਪੁਰ, 18 ਦਸੰਬਰ (ਪੋਸਟ ਬਿਊਰੋ)- ਅੰਮ੍ਰਿਤਸਰ ਜਾ ਰਹੀ ਰੇਲ ਗੱਡੀ ਦੇ ਡੱਬਿਆਂ ਨੂੰ ਇੰਜਨ ਨਾਲ ਜੋੜਣ ਵਾਲਾ ਹੁਕ ਖੁਲ੍ਹ ਜਾਣ ਮਗਰੋਂ ਕੁਝ ਦੂਰ ਸਟੇਸ਼ਨ ਹੋਣ ਦੇ ਕਾਰਨ ਪਹਿਲਾ ਹੀ ਗੱਡੀ ਦੀ ਰਫਤਾਰ ਹੌਲੀ ਹੋਣ ਨਾਲ ਵੱਡਾ ਹਾਦਸਾ ਹੋਣ ਤੋਂ ਟਲ ਗਿਆ ਅਤੇ ਸਾਰੇ ਮੁਸਾਫਰ ਕਿਸੇ ਨੁਕਸਾਨ ਤੋਂ ਬਚ ਗਏ।



ਪਤਾ ਲੱਗਾ ਹੈ ਕਿ ਕੱਲ੍ਹ ਸ਼ਾਮ ਕੱਟੜਾ-ਅਹਿਮਦਾਬਾਦ ਐਕਸਪ੍ਰੈਸ ਰੇਲ ਗੱਡੀ ਗੁਰਦਾਸਪੁਰ ਤੋਂ ਅੰਮ੍ਰਿਤਸਰ ਵੱਲ ਜਾ ਰਹੀ ਸੀ। ਉਹ ਗੁਰਦਾਸਪੁਰ ਤੋਂ ਕੁਝ ਦੂਰ ਪਹੁੰਚੀ ਕਿ ਡੱਬਿਆਂ ਨੂੰ ਇੰਜਨ ਨਾਲ ਜੋੜਨ ਵਾਲਾ ਹੁਕ ਤਕਨੀਕੀ ਖਰਾਬੀ ਕਾਰਨ ਖੁੱਲ੍ਹ ਗਿਆ। ਇਸ ਕਾਰਨ ਉਹ ਡੱਬਿਆ ਨੂੰ ਪਿੱਛੇ ਛੱਡ ਕੇ ਕਰੀਬ 500 ਮੀਟਰ ਅੱਗੇ ਚਲਾ ਗਿਆ। ਡਰਾਈਵਰ ਨੂੰ ਡੱਬਿਆ ਦੇ ਪਿੱਛੇ ਰਹਿਣ ਦਾ ਪਤਾ ਲੱਗਾ ਤਾਂ ਉਸਨੇ ਇੰਜਨ ਰੋਕਿਆ। ਇਸ ਮੌਕੇ ਗੱਡੀ ਦੀ ਰਫਤਾਰ ਘੱਟ ਹੋਣ ਕਾਰਨ ਚਲਦੇ ਰਹੇ ਡੱਬੇ ਵੀ ਆਸਾਨੀ ਨਾਲ ਰੁਕ ਗਏ ਤੇ ਕਰੀਬ 20 ਮੀਟਰ ਗੱਡੀ ਖੜੀ ਰਹੀ। ਤਕਨੀਕੀ ਮਾਹਰਾਂ ਨੇ ਫਿਰ ਗੱਡੀ ਦੀ ਜਾਂਚ ਕਰ ਉਸ ਨੂੰ ਇੰਜਨ ਨਾਲ ਜੋੜ ਕੇ ਅੱਗੇ ਲਈ ਰਵਾਨਾ ਕੀਤਾ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- Free valuation & Lowest Commission
- We Help to get mortgage
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 दिन ਕੰਮ ਸੋਮਵਾਰ ਤੋ ਸ਼ਨੀਵਾਰ
- Homely Environment
- Biweekly payment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
New Basement $1,000
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਨਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- Forklift Driver
- Millwright's
- AZ-DZ Drivers
- Machine Mechanic

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਜੌੜਾ ਫਾਟਕ ਰੇਲ ਹਾਦਸਾ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਰੇਲ ਮੰਤਰੀ ਨੂੰ ਮਿਲੇਗਾ 'ਆਪ' ਦਾ ਵਫਦ: ਕੁਲਦੀਪ ਧਾਲੀਵਾਲ



ਅੰਮ੍ਰਿਤਸਰ 18 ਦਸੰਬਰ ( ਗਿਆਨ ਸਿੰਘ ) ਜੌੜਾ ਫਾਟਕ ਰੇਲ ਹਾਦਸਾ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਜਲਦੀ ਹੀ ਆਮ ਆਦਮੀ ਪਾਰਟੀ ਦਾ ਇਕ ਵਫਦ ਪੰਜਾਬ ਪ੍ਰਧਾਨ ਭਗਵੰਤ ਮਾਨ ਦੀ ਅਗਵਾਈ ਵਿੱਚ ਰੇਲ ਮੰਤਰੀ ਨੂੰ ਮਿਲੇਗਾ ਇਹਨਾਂ ਸ਼ਬਦਾਂ ਦਾ ਖੁਲਾਸਾ ਅੱਜ ਆਮ ਆਦਮੀ ਪਾਰਟੀ ਦੇ ਮਾਝਾ ਜ਼ੋਨ ਦੇ ਪ੍ਰਧਾਨ ਕੁਲਦੀਪ ਸਿੰਘ ਧਾਲੀਵਾਲ ਨੇ ਪੀੜਤ ਪਰਿਵਾਰਾਂ ਵਲੋਂ ਲਗਾਏ ਗਏ ਧਰਨੇ ਵਿੱਚ ਸ਼ਾਮਿਲ ਹੋਣ ਦੇ ਦੌਰਾਨ ਕੀਤਾ। ਧਾਲੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਇਹਨਾਂ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਲਈ ਹਰ ਹੀਲਾ ਵਰਤੇਗੀ। ਇਸ ਸਬੰਦੀ ਰੇਲ ਮੰਤਰੀ ਤੋਂ ਮੰਗ ਕੀਤੀ ਜਾਵੇਗੀ ਕਿ ਇਹ ਹਾਦਸਾ ਰੇਲ ਮੰਤਰਾਲੇ ਤੇ ਅਧਿਕਾਰ ਖੇਤਰ ਵਿੱਚ ਹੋਇਆ ਹੈ ਇਸ ਲਈ ਰੇਲ ਵਿਭਾਗ ਵਿੱਚ ਨੌਕਰੀ ਦਿੱਤੀ ਜਾਵੇ। ਧਾਲੀਵਾਲ ਨੇ ਕਿਹਾ ਕਿ ਸ਼ੁੱਕਰਵਾਰ ਨੂੰ ਇਹਨਾਂ ਪਰਿਵਾਰਾਂ ਵਲੋਂ ਜੋ ਭੰਡਾਰੀ ਪੁਲ ਜਾਮ ਕਰਨ ਦਾ ਐਲਾਨ ਕੀਤਾ ਗਿਆ ਹੈ ਆਮ ਆਦਮੀ ਪਾਰਟੀ ਇਸਦਾ ਸਮਰਥਨ ਕਰਦੀ ਹੈ ਅਤੇ ਇਸ ਵਿੱਚ ਸ਼ਾਮਿਲ ਹੋਵੇਗੀ। ਧਾਲੀਵਾਲ ਨੇ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਕੋਲੋਂ ਮੰਗ ਕਰਦੇ ਹਨ ਕਿ ਜਿਵੇਂ ਹਰ ਕੁਦਰਤੀ ਆਪਦਾ ਵਿੱਚ ਸ਼੍ਰੋਮਣੀ ਕਮੇਟੀ ਲੋਕ ਹਿਤ ਵਿੱਚ ਖੜੀ ਹੁੰਦੀ ਹੈ ਇਹਨਾਂ ਪਰਿਵਾਰਾਂ ਦੇ ਬੱਚਿਆਂ ਨੂੰ ਕਮੇਟੀ ਦੇ ਸਕੂਲਾਂ ਵਿੱਚ ਮੁਫ਼ਤ ਸਿੱਖਿਆ ਅਤੇ ਇਹਨਾਂ ਪਰਿਵਾਰਾਂ ਦੇ ਜੀਆਂ ਨੂੰ ਸ਼੍ਰੋਮਣੀ ਕਮੇਟੀ ਵਿਚ ਨੌਕਰੀਆਂ ਦਿਤੀਆਂ ਜਾਣ। ਇਸ ਮੌਕੇ ਸ਼ਹਿਰੀ ਪ੍ਰਧਾਨ ਅਸ਼ੋਕ ਤਲਵਾਰ,ਕੋ ਪ੍ਰਧਾਨ ਰਜਿੰਦਰ ਪਲਾਹ,ਹਲਕਾ ਇੰਚਾਰਜ ਡਾ ਇੰ-ਦਰਪਾਲ, ਮਨੀਸ਼ ਅਗਰਵਾਲ,ਸੁਰਿੰਦਰ ਸਿੰਘ ਮਾਨ,ਸੀਨੀਅਰ ਆਗੂ ਪਦਮ ਐਂਥਨੀ, ਵੇਦ ਪ੍ਰਕਾਸ਼ ਬਬਲੂ,ਮਨਦੀਪ ਸਿੰਘ ਮੌਂਗਾ,ਜਗਦੀਪ ਸਿੰਘ, ਮੋਤੀ ਲਾਲ,ਸੁਰਿੰਦਰ ਮਿੱਤਲ, ਅਨਿਲ ਮਹਾਜਨ,ਜਪਿੰਦਰ ਸਿੰਘ,ਪਲਵਿੰਦਰ ਸਿੰਘ,ਸੰਦੀਪ ਸ਼ਰਮਾ, ਵਰੁਣ ਰਾਣਾ,ਅਜੈ ਨੋਈਲ ਮਸੀਹ,ਸੋਹਣ ਸਿੰਘ ਨਾਗੀ, ਅਮਰੀਕ ਸਿੰਘ, ਵਿਪਿਨ ਸਿੰਘ ਆਦਿ ਹਾਜ਼ਿਰ ਸਨ।














# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment


**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

**INVISALIGN & BRACES INCLUDING CLEAR BRACES**
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
*Show Your Smile More With Invisible Braces!*



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




# NEED A LAWYER ??

Red Seal NOTARY

# KAUR LAW OFFICE



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application


**FAMILY LAWYER**
- Child & Spousal support
- Custody & Access
- Divorce
- Equalization



**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1




# ਸ਼ਹੀਦੀ ਸਮਾਗਮ

ਸਾਹਿਬਜ਼ਾਦਾ ਜੁਝਾਰ ਸਿੰਘ, ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੋਰਾਵਰ ਸਿੰਘ, ਸਾਹਿਬਜ਼ਾਦਾ ਫਤਿਹ ਸਿੰਘ ਅਤੇ ਮਾਤਾ ਜੀ ਦੀ ਯਾਦ ਵਿਚ

BHAI ANANTVIR SINGH JI (LA)
DEC 19-25 | 6.30–8.30 pm

ਦਸੰਬਰ 19 ਨੂੰ ਸਹਿਜ ਪਾਠ ਪ੍ਰਕਾਸ਼ ਅਰੰਭ ਹੋਵੇ ਗਾ ਅਤੇ ਦਸੰਬਰ 25 ਨੂੰ ਭੋਗ ਪੈਣਗੇ । ਰੋਜ਼ ਸ਼ਾਮ 6.30-8.30 ਨੂੰ ਭਾਈ ਅਨੰਤਵੀਰ ਸਿੰਘ ਜੀ ਕਰਿਤਨ-ਕਥਾ ਨਾਲ ਦਰਬਾਰ ਸਜਾਉਣਗੇ ।



**SIKH SPIRITUAL CENTRE TORONTO**
9 Carrier Dr, Etobicoke, ON M9V 4B2
Phone: (416) 746-6666


www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage
Off: 905-456-3232
Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!
Call For a Quick & Free Home Evaluation
www.BramptonQuickHomeEvaluation.com
Urgently Need New Listing in Brampton/ GTA Call Jag Today To Sell Your Property For Top $$$ & Accurate Price
CALEDON
ਸੇਂਟ ਐਂਡਰੀਊ/Hwy 9/ਬੀਚਗਰੂਵ
2.58 ਏਕੜ ਤੇ ਬਣਿਆ ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 4 ਵਾਸ਼ਰੂਮ ਦਾ ਘਰ, 3 ਕਾਰ ਗਰਾਜ ਤੇ 11 ਕਾਰ ਪਾਰਕਿੰਗ, ਬਹੁਤ ਸਾਰੀਆਂ ਅਪਗ੍ਰੇਡਜ਼, ਬਹੁਤ ਹੀ ਸੋਹਣੀ ਲੈਂਡਸਕੇਪਿੰਗ ਦੇ ਨਾਲ "L" ਅਕਾਰ ਦੀ ਗਰਾਊਂਡ ਹੀਟੇਡ ਪੂਲ ਹੈ। ਫਿਨੀਸ਼ਡ ਬੇਸਮੈਂਟ। ਅਪਗ੍ਰੇਡਡ ਕਿਚਨ,ਗਰੇਨਾਈਟ ਕਾਊਨਟਰ ਟਾਪ ਆਦਿ
BRAMPTON
ਚਿੰਗਕੂਜ਼ੀ/ਡੁਫੀਲਡ/ਇਡਨਬ
ਚਿੰਗਕੂਜ਼ੀ ਦੇ ਏਰੀਏ ਵਿੱਚ 4+1 ਬੈਡਰੂਮ ਡੈਨ, 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ ਨੂੰ ਫਿਨੀਸ਼ਡ ਬੈਸਮੈਂਟ ਜਿਸ ਨੂੰ ਕਿ ਸੇਪਰੇਟ ਏਂਟਰੈਂਸ। ਹਾਰਡਵੁਡ ਫਲੋਰ, ਇਟ ਇਨ ਕਿਚਨ, ਸਟੇਨਲੈਸ ਸਟੀਲ ਅਪਲਾਈਨਸੈਸ, ਗਰੇਨਾਇਟ ਕਾਉਂਟਰ ਟਾਪ, ਮਾਸਟਰ ਬੈਡਰੂਮ ਨੂੰ 4 ਪੀਸ ਇੰਨ-ਸੂਟ, ਆਦਿ
WOODBRIDGE
ਟੇਸਟਨ ਰੋਡ/ ਹਾਈਵੇ 400/ਵੇਸਟਨ
ਬਹੁਤ ਹੀ ਸੋਹਣਾ 4 ਬੈਡਰੂਮ +4 ਵਾਸ਼ਰੂਮ ਦਾ ਡੀਟੈਚਡ ਘਰ, ਮੇਨ ਫਲੋਰ 9 ਫੀਟ ਸਿਲਿੰਗ, ਡਬਲ ਡੋਰ ਏਨਟਰੀ, ਦੂਜੇ ਫਲੋਰ ਤੇ ਨਵੀਂ ਲੈਮੀਨੇਟ ਫਲੋਰ ਅਤੇ ਮੇਨ ਫਲੋਰ ਤੇ ਹਾਰਡਵੁਡ। ਓਕ ਸਟੇਅਰਕੇਸ। ਸੋਹਣੀ ਈਟ ਈਨ ਕਿਚਨ ਅਤੇ ਸਟੇਨਲੈਸ ਸਟੀਲ ਅਪਲਾਈਨਸੈਸ, ਮਾਸਟਰ ਬੈਡਰੂਮ 5 ਪੀਸ ਈਨਸੂਟ।
BRAMPTON
ਵੇਨਲੈਸ / ਵੇਨ-ਕ੍ਰਿਕ
SOLD AT 98% OF ASKING PRICE
NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ। Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ


Grand Upholstery Ltd
Sofa Company Originality in Every Piece
Special on Sale
ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com


NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS
CRUISES
VACATIONS
TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Call Us For Guaranteed Lowest Airfare
ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com
E-mail- info@nuwaytravels.com


You can
Place Your Business Here
To Reach Wider Audience
For more info Call 905-793-2202 or e-mail ads@punjabipost.ca


New City Pizza & Kamal Sandhu Real Estate Present
BHANGRA ਭੰਗੜਾ FITNESS
ENJOY DANCING, STAY FIT
647.685.1685
www.BhangraFitness.ca | bhangrafitness1@gmail.com
Offering Bhangra Classes For All Ages
Now Open 6 Days a Week
50 Lacoste Blvd, Unit-112 Brampton, ON L6P 3Z8


REXDALE BODY SHOP
USED CAR SALE
Specialization In:
All Kinds of Body Work
Auto Glass Windshield
Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com


IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at:
safety@interstatefreightsystems.com
Call: 416-452-0677